ਕੈਨੇਡਾ ਦਰਪਣ

ਅਗਸਤ 1-15, 1984

August 1-15, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Aug. 1-15, 1984
Second Class Mail - Reg. No. 5991 ਕੀਮਤ 30¢
Out of Greater Vancouver Price 40¢

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1
Vol. 3 No. 29 Aug. 1-15, 1984
Editor's Res. PHONE. (604)321-6360
THE CANADA DARPAN
Punjabi Fortnightly Newspaper

ਜੰਮੂ-ਕਸ਼ਮੀਰ ਅਸੈਂਬਲੀ ਵਿਚ ਕੁਟਾਪਾ —ਸਪੀਕਰ ਕੁਰਸੀ ਤੋਂ ਧੂਹ ਲਿਆ

ਸ੍ਰੀਨਗਰ — ਮੰਗਲਵਾਰ ਨੂੰ ਬੁਲਾਏ ਗਏ ਵਿਧਾਨ ਸਭਾ ਦੇ ਸਮਾਗਮ ਵਿਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਫਾਰੂਕ ਅਬਦੁੱਲਾ ਦੇ ਹਾਮੀ ਸਪੀਕਾਰ ਨੂੰ ਕਾਂਗਰਸੀ(ਆਈ) ਅਤੇ ਨੈਸ਼ਨਲ ਕਾਨਫਰੰਸ ਤੋਂ ਬਾਗ਼ੀ ਮੈਂਬਰਾਂ ਨੇ ਉਸਦੀ ਕੁਰਸੀ ਤੋਂ ਹੇਠਾਂ ਧੂਹ ਲਿਆ।

31 ਜੁਲਾਈ ਨੂੰ ਇਹ ਸਮਾਗਮ ਇਸ ਲਈ ਬੁਲਾਇਆ ਗਿਆ ਸੀ ਤਾਂ ਕਿ ਗੁਲਾਮ ਮੁਹੰਮਦ ਸ਼ਾਹ ਦੀ ਸਰਕਾਰ ਆਪਣੀ ਬਹੁ ਗਿਣਤੀ ਦਾ ਵਿਧਾਨ ਸਭਾ ਵਿਚ ਵਿਖਾਵਾ ਕਰ ਸਕੇ।

ਇਸ ਹੰਗਾਮੇ ਸਮੇਂ ਫਾਰੂਕ ਅਬਦੁੱਲਾ ਅਤੇ ਜੀ. ਐਮ. ਸ਼ਾਹ ਦੋਵੇਂ ਹਾਜ਼ਰ ਨਹੀਂ ਸਨ ਕਿਉਂਕਿ ਉਹ ਦੋਵੇਂ ਵਿਧਾਨ ਪ੍ਰੀਸ਼ਦ ਦੇ ਮੈਂਬਰ ਹਨ।

ਵਿਸ਼ਵਾਸ਼ ਦਾ ਮਤਾ ਪਾਸ

ਇਸ ਰੌਲੇ ਗੌਲੇ ਸਮੇਂ ਜੀ. ਐਮ. ਸ਼ਾਹ ਦੀ ਸਰਕਾਰ ਵਿਚ ਵਿਸ਼ਵਾਸ਼ ਦਾ ਮਤਾ ਪਾਸ ਕਰ ਦਿਤਾ ਗਿਆ।

ਮੈਂਬਰਾਂ ਨੂੰ ਕੁਟਾਪਾ

ਜੰਮੂ ਕਸ਼ਮੀਰ ਦੀ ਵਿਧਾਨ ਸਭਾ ਵਿਚ ਸਰਕਾਰ-ਪੱਖੀ ਅਤੇ ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਪੱਖੀ ਮੈਂਬਰਾਂ ਨੇ ਇਕ ਦੂਜੇ ਨੂੰ ਚੰਗਾ ਕੁਟਾਪਾ ਚਾੜ੍ਹਿਆ ਅਤੇ ਵਿਧਾਨ ਸਭਾ ਬੀ. ਬੀ. ਸੀ. ਅਨੁਸਾਰ 'ਮੱਛੀ ਮੰਡੀ' ਨਜ਼ਰ ਆ ਰਹੀ ਸੀ।

ਯਾਦ ਰਹੇ ਕਿ ਇੰਦਰਾ ਕਾਂਗਰਸ ਵਲੋਂ ਕੀਤੇ ਗਏ ਯਤਨਾਂ ਕਾਰਨ ਫਾਰੂਕ ਅਬਦੁੱਲਾ ਦੀ ਬਹੁ-ਗਿਣਤੀ ਘਟਾ ਕੇ 13 ਮੈਂਬਰ ਦਲ ਬਦਲੂ ਬਣਾ ਕੇ ਜੀ. ਐਮ. ਸ਼ਾਹ ਦੀ ਸਰਕਾਰ ਜ਼ਬਰਦਸਤੀ ਲੋਕਾਂ ਉਤੇ ਠੋਸ ਦਿਤੀ ਗਈ ਹੈ।

ਰਾਜਸੀ ਮਾਹਿਰਾਂ ਦਾ ਵਿਚਾਰ

ਰਾਜਸੀ ਮਾਹਿਰਾਂ ਦਾ ਵਿਚਾਰ ਹੈ ਕਿ ਬੇਸ਼ਕ ਜੀ. ਐਮ. ਸ਼ਾਹ ਦੀ ਸਰਕਾਰ ਨੇ ਵਿਧਾਨ ਸਭਾ ਵਿਚ ਆਪਣਾ ਬਹੁਮੱਤ ਦਿਖਾ ਦਿਤਾ ਹੈ ਫਿਰ ਵੀ ਇਹ ਸਰਕਾਰ ਬਹੁਤਾ ਚਿਰ ਚੱਲ ਨਹੀਂ ਸਕੇਗੀ। ਭਾਰਤ ਦੀਆਂ ਸਾਰੀਆਂ ਮੁੱਖ ਵਿਰੋਧੀ ਪਾਰਟੀਆਂ ਫਾਰੂਕ ਅਬਦੁੱਲਾ ਦੀ ਮੱਦਦ ਤੇ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਦਲ ਬਦਲੂਆਂ ਨੂੰ ਇੰਦਰਾ ਕਾਂਗਰਸ ਨੇ ਹੱਲਾ ਸ਼ੇਰੀ ਦਿਤੀ ਹੈ

ਪਾਰਲੀਮੈਂਟ ਵਿਚ ਫਾਰੂਕ ਅਬਦੁੱਲਾ ਤੇ ਦੋਸ਼

ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਆਪਣਾ ਇਹ ਦੋਸ਼ ਮੁੜ ਦੁਹਰਾਇਆ ਕਿ ਫਾਰੂਕ ਅਬਦੁੱਲਾ ਸਰਕਾਰ ਦੇਸ਼-ਵਿਰੋਧੀ ਤੱਤਾਂ ਨੂੰ ਹੱਲਾ ਸ਼ੇਰੀ ਦੇ ਰਹੀ ਸੀ ਅਤੇ ਅਜਿਹੇ ਤੱਤਾਂ ਨੂੰ ਫੜਨ ਵਿਚ ਨਾਕਾਮਯਾਬ ਰਹੀ।

ਅਮਰਿੰਦਰ ਸਿੰਘ ਨਾਲ 400 ਵਿਅਕਤੀ ਗ੍ਰਿਫਤਾਰ

ਪਟਿਆਲਾ — ਸਾਬਕਾ ਕਾਂਗਰਸੀ ਪਾਰਲੀਮੈਂਟ ਮੈਂਬਰ ਤੇ ਮਹਾਰਾਜਾ ਪਟਿਆਲਾ ਦੇ ਸਪੁੱਤਰ ਸ. ਅਮਰਿੰਦਰ ਸਿੰਘ ਪਟਿਆਲਾ ਵਿਚ ਗ੍ਰਿਫਤਾਰ ਕਰ ਲਏ ਗਏ। ਉਹ 400 ਵਿਅਕਤੀਆਂ ਦੇ ਜਥੇ ਦੀ ਅਗਵਾਈ ਕਰ ਰਹੇ ਸਨ ਤਾਂ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਫੌਜ ਨੂੰ ਬਾਹਰ ਕੱਢਣ ਲਈ ਮਜਬੂਰ ਕੀਤਾ ਜਾ ਸਕੇ। ਅਤੇ 'ਕਾਰ ਸੇਵਾ' ਜੋ ਸਰਕਾਰੀ ਹੁਕਮਾਂ ਅਨੁਸਾਰ ਕਰਵਾਈ ਜਾ ਰਹੀ ਹੈ, ਉਸ ਦਾ ਵਿਰੋਧ ਕੀਤਾ ਜਾ ਸਕੇ।

ਹੈਦਰਾਬਾਦ ਵਿਚ ਫਿਰਕੂ ਦੰਗਿਆਂ ਕਾਰਨ 5 ਵਿਅਕਤੀ ਹਲਾਕ

ਹੈਦਰਾਬਾਦ — ਹੈਦਰਾਬਾਦ ਵਿਚ ਕਰਫੀਊ ਦੇ ਬਾਵਜੂਦ ਹਿੰਦੂ-ਮੁਸਲਿਮ ਫਿਰਕੂ ਫਸਾਦਾਂ ਕਾਰਨ ਪੰਜ ਵਿਅਕਤੀ ਮਾਰੇ ਜਾਣ ਦੀ ਖਬਰ ਹੈ। ਇਹ ਘਟਨਾਵਾਂ ਉਸ ਸਮੇਂ ਵਾਪਰੀਆਂ ਜਦੋਂ ਕਰਫੀਊ ਵਿਚ ਦੋ ਘੰਟੇ ਦੀ ਖੁਲ੍ਹ ਦਿੱਤੀ ਗਈ ਅਤੇ ਫਿਰ ਫਿਰਕੂ ਫਸਾਦ ਭੜਕ ਪਏ।

ਪਿਛਲੇ ਅਠਾਰਾਂ ਮਹੀਨਿਆਂ ਵਿਚ ਚੌਥੀ ਵਾਰ ਹੈ ਕਿ ਆਂਧਰਾ ਪ੍ਰਦੇਸ਼ ਦੇ ਇਸ ਮੁੱਖ ਸ਼ਹਿਰ ਵਿਚ ਅਜਿਹੇ ਦੰਗੇ ਭੜਕੇ ਹਨ। ਹਿੰਦੂ ਕੱਟੜਤਾ ਨੂੰ ਇਸ ਸਥਿਤੀ ਲਈ ਮੁਸਲਮ ਆਗੂਆਂ ਵਲੋਂ ਦੋਸ਼ੀ ਠਹਿਰਾਇਆ ਜਾ ਰਿਹਾ ਹੈ।

ਅੰਦਰ ਪੜ੍ਹੋ — ਦਿੱਲੀ ਅਤੇ ਅੰਮ੍ਰਿਤਸਰ ਦੀ ਲੜਾਈ

ਨਵੇਂ ਗ੍ਰਹਿ ਮੰਤਰੀ ਸ੍ਰੀ ਨਰਸਿਮਹਾ ਰਾਓ ਨੇ ਵੀ ਰਾਜ ਸਭਾ ਨੂੰ ਦਸਿਆ ਕਿ ਫਾਰੂਕ ਅਬਦੁੱਲਾ ਸਰਕਾਰ ਗ਼ੈਰ-ਸਮਾਜੀ ਅਨਸਰਾਂ ਨੂੰ ਨੱਥ ਪਾਉਣ ਵਿਚ ਨਾਅਹਿਲ ਸਾਬਤ ਹੋਈ।

ਪਰ ਵਿਰੋਧੀ ਲੀਡਰਾਂ ਨੇ ਕਿਹਾ ਕਿ ਫਾਰੂਕ ਅਬਦੁੱਲਾ ਦੀ ਸਰਕਾਰ ਨੂੰ ਡੇਗਣ ਦਾ ਕਾਰਨ ਇੰਦਰਾ ਕਾਂਗਰਸ ਵਲੋਂ ਵਿਰੋਧੀ ਸੂਬਾ ਸਰਕਾਰਾਂ ਨੂੰ ਖਤਮ ਕਰਨ ਦੇ ਯਤਨਾਂ ਦਾ ਇਕ ਹਿਸਾ ਹੈ।

ਭੜਕਾਹਟ 'ਚ ਆਉਣ ਦੀ ਲੋੜ ਨਹੀਂ — ਲੌਂਗੋਵਾਲ

ਲੁਧਿਆਣਾ — ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਕਾਲੀ ਦਲ ਅਤੇ ਅਕਾਲੀ ਵਰਕਰਾਂ ਨੂੰ ਇਕ ਸੰਦੇਸ਼ ਰਾਹੀਂ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਏਕਤਾ ਕਾਇਮ ਰੱਖੀ ਜਾਵੇ ਅਤੇ ਸਰਕਾਰੀ ਕਾਰਵਾਈਆਂ ਨਾਲ ਭੜਕਾਹਟ ਵਿਚ ਆਉਣ ਦੀ ਲੋੜ ਨਹੀਂ ਹੈ।

ਸੰਤ ਲੌਂਗੋਵਾਲ ਦਾ ਇਹ ਸੰਦੇਸ਼ ਸੁਪਰੀਮ ਕੋਰਟ ਦੇ ਉਘੇ ਵਕੀਲ ਰਾਮ ਜੇਠ ਮਲਾਨੀ ਰਾਹੀਂ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਨ ਰਾਜਿੰਦਰ ਸਿੰਘ ਧਾਲੀਵਾਲ ਕੋਲ ਪੁਜਾ। ਸ੍ਰੀ ਜੇਠ ਮਲਾਨੀ ਰਾਜਸਥਾਨ ਦੀ ਜੇਲ ਵਿਚ ਸੰਤ ਲੌਂਗੋਵਾਲ ਨੂੰ ਮਿਲਕੇ ਆਏ ਸਨ। ਇਕ ਹੋਰ ਵਕੀਲ ਗਜਿੰਦਰ ਸਿੰਘ ਵੀ ਉਨ੍ਹਾਂ ਦੇ ਨਾਲ ਗਏ ਸਨ।

ਬਾਬਾ ਸੰਤਾ ਸਿੰਘ ਨਾਲੋਂ ਸਬੰਧ ਤੋੜਿਆ

ਚੰਡੀਗੜ੍ਹ — ਜਥੇਦਾਰ ਤਰੋਲਕ ਸਿੰਘ ਬਾਗੜੀ ਪਿੰਡ ਨਡਿਆਲੀ ਅਤੇ ਬਾਬਾ ਸਰਮਖ ਸਿੰਘ ਦੀ ਅਗਵਾਈ ਵਿਚ 155 ਨਿਹੰਗ ਸਿੰਘਾਂ ਨੇ ਬਾਬਾ ਸੰਤਾ ਸਿੰਘ ਨਾਲੋਂ ਸਬੰਧ ਤੋੜ ਲਿਆ ਹੈ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਜਥੇਦਾਰ ਤਰਲੋਕ ਸਿੰਘ ਨੇ ਕਿਹਾ ਕਿ ਜਦੋਂ ਤੱਕ ਬਾਬਾ ਸੰਤਾ ਸਿੰਘ ਬੁੱਢਾ ਦਲ ਦੇ ਮੁਖੀ ਰਹਿਣਗੇ ਉਹ ਬੁੱਢਾਦਲ ਨਾਲ ਵੀ ਕੋਈ ਸਬੰਧ ਨਹੀਂ ਰੱਖਣਗੇ। ਇਨ੍ਹਾਂ ਬਾਬਾ ਸੰਤਾ ਸਿੰਘ ਵਲੋਂ ਪੰਜ ਸਿੰਘ ਸਹਿਬਾਨ ਦੇ ਹੁਕਮਨਾਮੇ ਦੀ ਉਲੰਘਣਾ ਕਰਨੀ ਦੀ ਸਖਤ ਨਿਖੇਧੀ ਕੀਤੀ ਇਲਾਕੇ ਦੇ ਨਿਹੰਗ ਸਿੰਘਾਂ ਦੀ ਪਿੰਡ ਸਨੇਟਾ ਵਿਖੇ ਇਕ ਮੀਟਿੰਗ ਵਿਚ ਇਹ ਫੈਸਲੇ ਹੋਏ।

ਓਲਿੰਪਕ ਖੇਡਾਂ ਸਮੇਂ ਲਾਸ ਏਂਜਲਸ ਵਿਚ ਭਾਰਤ-ਵਿਰੋਧੀ ਨਾਅਰੇ

ਲਾਸ-ਏਜੰਲਸ— ਬੀ. ਬੀ. ਸੀ. ਦੀ ਖਬਰ ਅਨੁਸਾਰ ਓਲਿੰਪਕ ਖੇਡਾਂ ਦੇ ਸਮੇਂ 200 ਵਿਅਕਤੀਆਂ ਵਲੋਂ ਭਾਰਤ-ਵਿਰੋਧੀ ਨਾਅਰੇ ਲਾਏ ਗਏ। ਖਬਰ ਅਨੁਸਾਰ ਸਰਕਾਰੀ ਪ੍ਰਤੀਨਿਧ ਨੇ ਅਮਰੀਕਾ ਸਰਕਾਰ ਕੋਲ ਰੋਸ ਪ੍ਰਗਟ ਕੀਤਾ ਹੈ ਕਿ ਅਜਿਹੇ ਸਮੇਂ ਭਾਰਤ-ਵਿਰੋਧੀ ਪ੍ਰਚਾਰ ਕੀਤਾ ਗਿਆ।

ਕੈਨੇਡਾ ਦਰਪਣ

ਤਲਵਿੰਦਰ ਸਿੰਘ ਨੂੰ ਅਮਰੀਕਾ ਜਾਣ ਤੇ ਬੰਦਸ਼

ਟਰਾਂਟੋ — ਇਕ ਖਬਰ ਅਨੁਸਾਰ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਨੂੰ ਟਰਾਂਟੋ ਏਅਰਪੋਰਟ ਤੇ ਏਅਰ ਕੈਨੇਡਾ ਦੇ ਜਹਾਜ਼ ਵਿਚੋਂ ਦੋ ਅਮਰੀਕਨ ਇਮੀਗਰੇਸ਼ਨ ਅਫਸਰਾਂ ਨੇ ਲਾਹ ਕੇ ਚਾਰ ਘੰਟੇ ਪੁਛ ਪੜਤਾਲ ਕੀਤੀ। ਖਬਰ ਅਨੁਸਾਰ ਪੁਲਸ ਦੇ ਚਾਰ ਅਫਸਰ ਉਨ੍ਹਾਂ ਦੁਆਲੇ ਰਹੇ ਜਦੋਂ ਉਨ੍ਹਾਂ ਦੀ ਪੁਛ ਪੜਤਾਲ ਕੀਤੀ ਜਾ ਰਹੀ ਸੀ। ਪਤਾ ਲੱਗਾ ਹੈ ਕਿ ਜਥੇਦਾਰ ਤਲਵਿੰਦਰ ਸਿੰਘ ਨਿਊਯਾਰਕ ਨੂੰ ਜਾ ਰਹੇ ਸਨ ਜਿਥੇ ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਸਿੱਖ ਸੰਸਥਾਵਾਂ ਦੇ ਆਗੂ ਇਕੱਤਰ ਹੋਏ ਸਨ। ਸੁਰਜਨ ਸਿੰਘ ਗਿੱਲ ਵੀ ਤਲਵਿੰਦਰ ਸਿੰਘ ਦੇ ਨਾਲ ਸਨ।

ਓਲਿੰਪਕ ਖੇਡਾਂ ਲੌਸ ਏਜੰਲਸ ਵਿਚ ਹੋ ਰਹੀਆਂ

ਲਾਸ ਏਜੰਲਸ ਵਿਚ ਹੋ ਰਹੀਆਂ ਖੇਡਾਂ ਵਿਚ ਅਮਰੀਕਾ ਨੇ ਸੋਨੇ ਦੇ 9 ਤਮਗੇ, ਕੈਨੇਡਾ ਨੇ ਤਿੰਨ, ਚੀਨ ਨੇ ਤਿੰਨ ਅਤੇ ਪੱਛਮੀ ਜਰਮਨੀ ਨੇ ਤਿੰਨ ਜਿੱਤੇ ਹਨ। ਪਹਿਲੇ ਤਿੰਨਾਂ ਦਿਨਾਂ ਵਿਚ ਸਾਈਕਲ, ਸ਼ੂਟਿੰਗ, ਤੈਰਾਕੀ ਅਤੇ ਭਾਰ ਚੁਕਣ ਦੇ ਮੁਕਾਬਲੇ ਹੋਏ ਹਨ।

ਹਾਕੀ ਵਿਚ

ਹਾਕੀ ਵਿਚ ਭਾਰਤ ਨੇ ਪਹਿਲੇ ਮੈਚ ਵਿਚ ਹੀ ਅਮਰੀਕਾ ਨੂੰ ਪੰਜ ਇਕ ਦੇ ਮੁਕਾਬਲੇ ਨਾਲ ਹਰਾਇਆ। ਨੀਦਰਲੈਂਡ ਨੇ ਕੈਨੇਡਾ ਨੂੰ 4-1 ਦੇ ਮੁਕਾਬਲੇ ਤੇ ਹਰਾਇਆ। ਨਿਊਜ਼ੀਲੈਂਡ ਅਤੇ ਪਾਕਿਸਤਾਨ 3-3 ਨਾਲ ਬਰਾਬਰ ਰਹੇ ਜਦ ਕਿ ਇੰਗਲੈਂਡ ਨੇ ਕੀਨੀਆ ਨੂੰ 2-1 ਦੇ ਮੁਕਾਬਲੇ ਤੇ ਹਰਾਇਆ।





ਲੋਕ ਸਦਭਾਵਨਾ ਮੰਚ

(Forum For Communal Harmony)

ਪਿਛੋਕੜ:

ਸਾਡੀ ਕਮਿਊਨਿਟੀ ਦੇ 80 ਸਾਲਾਂ ਦੇ ਕੈਨੇਡਾ ਵਿਚਲੇ ਇਤਿਹਾਸ ਵਿਚ ਪਹਿਲੀ ਵਾਰੀ ਸਾਨੂੰ ਬਹੁਤ ਸੰਜੀਦਾ ਅਤੇ ਦੁੱਖਦਾਇਕ ਸਥਿਤੀ ਦਾ ਸਾਹਮਣਾ ਹੈ ਜੋ ਸਾਡੇ ਲੋਕਾਂ ਵਿਚ ਸਦਭਾਵਨਾ ਅਤੇ ਏਕਤਾ ਨੂੰ ਭੰਗ ਕਰ ਸਕਦੀ ਹੈ।

ਇਨ੍ਹਾਂ 80 ਸਾਲਾਂ ਵਿਚ, ਧਾਰਮਿਕ ਅਤੇ ਬੋਲੀਆਂ ਦੇ ਵਿਖਰੇਵੇਂ ਦੇ ਬਾਵਜੂਦ ਅਸੀਂ ਇਕੱਠੇ ਰਹੇ ਹਾਂ ਅਤੇ ਬਰਤਾਨਵੀ ਬਸਤੀਵਾਦ ਦਾ ਮੁਕਾਬਲਾ ਕੀਤਾ ਹੈ। ਅਤੇ ਕੈਨੇਡਾ ਸਰਕਾਰ ਦੀ ਨਸਲਵਾਦੀ ਅਤੇ ਵਿਤਕਰੇ ਭਰੀਆਂ ਨੀਤੀਆਂ ਵਿਰੁੱਧ ਆਪਣੇ ਹੱਕਾਂ ਦੀ ਰਾਖੀ ਕੀਤੀ ਹੈ।

ਅੱਜ ਇਸ ਸਦਭਾਵਨਾ ਅਤੇ ਏਕਤਾ ਦੀ ਪੁਰਾਣੀ ਰਵਾਇਤ ਨੂੰ ਸਾਡੀ ਕਮਿਊਨਿਟੀ ਵਿਚ ਖਤਮ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਧਰਮ ਦੇ ਅਧਾਰ ਤੇ ਵੰਡਿਆ ਜਾ ਰਿਹਾ ਹੈ। ਨਫਰਤ ਅਤੇ ਹਿੰਸਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਇਨ੍ਹਾਂ ਗੰਭੀਰ ਖਤਰਿਆਂ ਦਾ ਸਾਡੇ ਲੋਕਾਂ ਨੂੰ ਸਾਹਮਣਾ ਹੈ ਅਤੇ ਇਸ ਲੋੜ ਨੂੰ ਮੁੱਖ ਰੱਖਦਿਆਂ ਕਮਿਊਨਿਟੀ ਦੇ ਮੈਂਬਰਾਂ ਨੇ — ਜੋ ਵਿਅਕਤੀਗਤ ਆਧਾਰ ਅਤੇ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧ ਵੀ ਹਨ ਇਕੱਠੇ ਹੋ ਕੇ ਲੋਕ ਸਦਭਾਵਨਾ ਮੰਚ (Forum for Comunal Harmony) ਦੀ ਸਥਾਪਨਾ ਕੀਤੀ ਹੈ।

ਪੰਜਾਬ ਦੇ ਹਾਲਾਤ ਨੇ ਸਾਰੀ ਕਮਿਊਨਿਟੀ ਦੇ ਅਹਿਸਾਸਾਂ ਨੂੰ ਡੂੰਘੀ ਸੱਟ ਮਾਰੀ ਹੈ। ਲੋਕਾਂ ਦਾ ਗੁੱਸਾ ਜਾਇਜ਼ ਹੈ। ਅਤੇ ਲੋਕਾਂ ਦਾ ਦੁੱਖ ਵੀ ਡੂੰਘਾ ਹੈ ਲੋਕ ਸਦਭਾਵਨਾ ਮੰਚ ਇਸ ਕਾਰਨ ਹੋਂਦ ਵਿਚ ਆਇਆ ਹੈ ਕਿ ਲੋਕਾਂ ਦੇ ਦੁੱਖ ਅਤੇ ਗੁੱਸੇ ਨੂੰ ਗਲਤ ਦਿਸ਼ਾ ਵਿਚ ਨਾ ਵਰਤਿਆ ਜਾਵੇ ਜਿਸ ਨਾਲ ਲੋਕਾਂ ਵਿਚ ਫੁੱਟ, ਦਵੈਤ, ਨਫਰਤ ਅਤੇ ਹਿੰਸਾ ਵਧੇ।

ਉਦੇਸ਼:

ਲੋਕਾਂ ਵਿਚ ਫਿਰਕੂ ਸਦਭਾਵਨਾ ਕਾਇਮ ਰੱਖਣਾ ਅਤੇ ਉਸਦਾ ਪ੍ਰਚਾਰ ਕਰਨਾ ਅਤੇ ਕਮਿਊਨਿਟੀ ਵਿਚ ਹਿੰਦੂ ਸਿੱਖ ਏਕਤਾ ਬਰਕਰਾਰ ਰੱਖਣਾ।

ਕੰਮ:

ਲਗਾਤਾਰ ਕਮਿਊਨਿਟੀ ਵਿਚ ਹਾਲਾਤ ਨੂੰ ਮੱਦੇ ਨਜ਼ਰ ਰੱਖਣਾ
— ਫਿਰਕੂ ਨਫਰਤ ਅਤੇ ਹਿੰਸਾ ਦਾ ਸ਼ਿਕਾਰ ਲੋਕਾਂ ਨੂੰ ਸਕੂਨ ਅਤੇ ਮੱਦਦ ਮੁਹੱਈਆ ਕਰਨਾ
— ਲੋਕਾਂ ਵਿਚ ਅਜਿਹੀਆਂ ਕਾਰਵਾਈਆਂ ਨੂੰ ਵਧਦਾ ਫੁਲਦਾ ਰੱਖਣਾ ਜਿਸ ਨਾਲ ਫਿਰਕੂ ਸਦਭਾਵਨਾ ਅਤੇ ਏਕਤਾ ਕਾਇਮ ਰਹੇ
— ਸੋਚ ਵਿਚਾਰ ਅਤੇ ਤਰਕ ਦੀ ਪੱਧਰ ਤੇ ਕਮਿਊਨਿਟੀ ਵਿਚ ਗੱਲਬਾਤ ਜਾਰੀ ਰੱਖਕੇ ਅਜਿਹੀਆਂ ਰੁਚੀਆਂ ਦਾ ਵਿਰੋਧ ਕਰਨਾ ਜਿੰਨ੍ਹਾਂ ਨਾਲ ਸਦਭਾਵਨਾ ਅਤੇ ਏਕਤਾ ਨੂੰ ਠੇਸ ਪਹੁੰਚਦੀ ਹੋਵੇ
— ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਚਾਰਾਂ ਦਾ ਬਿਨਾਂ ਕਿਸੇ ਡਰ ਤੋਂ ਖੁਲ੍ਹੇ ਪ੍ਰਗਟਾਵੇ ਨੂੰ ਪੱਕਿਆਂ ਕਰਨਾ।

23 ਸਾਲਾ ਨੌਜਵਾਨ ਦੀ ਦੁਖਦਾਈ ਮੌਤ

ਸਰੀ — ਸਰੀ ਨਿਵਾਸੀ ਪਲਮਿੰਦਰ ਸਿੰਘ ਉੱਪਲ ਦੀ ਹੈਰੀਸਨ ਲੇਕ ਵਿਚ ਡੁੱਬ ਜਾਣ ਕਾਰਨ ਮੌਤ ਹੋ ਜਾਣ ਦੀ ਖਬਰ ਹੈ। ਸ਼੍ਰੀ ਉੱਪਲ ਗੁਰੂ ਨਾਨਕ ਸੌਕਰ ਟੀਮ ਦੇ ਮੈਂਬਰ ਸਨ ਅਤੇ ਇਹ ਟੀਮ ਹੈਰੀਸਨ ਗਈ ਹੋਈ ਸੀ।

ਸਰੀ ਵਿਚ ਉੱਪਲ ਪਰਵਾਰ ਨੇ ਇਸਦਾ ਦੋਸ਼ ਹੈਰੀਸਨ ਹੌਟ ਸਪਰਿੰਗ ਦੀ ਕਮੇਟੀ ਨੂੰ ਦਿੱਤਾ ਹੈ ਜਿਸ ਨੇ ਕਿ ਇਕ ਵੀ ਵਿਅਕਤੀ ਉਥੇ ਦੇਖਭਾਲ ਲਈ ਨਹੀਂ ਲਾਇਆ। ਪਲਮਿੰਦਰ ਦੇ ਛੋਟੇ ਭਰਾ ਅਮਨਦੀਪ ਉੱਪਲ ਨੇ ਕਿਹਾ ਕਿ ਉਥੇ ਦੀ ਕਮੇਟੀ ਹਜ਼ਾਰਾਂ ਡਾਲਰ ਲੋਕਾਂ ਤੋਂ ਇਕੱਠੇ ਕਰਦੀ ਹੈ ਜੋ ਉਥੇ ਮਨੋਰੰਜਨ ਲਈ ਜਾਂਦੇ ਹਨ ਪਰ ਉਹ ਇਕ ਲਾਈਫ ਗਾਰਡ ਵੀ ਨਹੀਂ ਰੱਖ ਸਕਦੇ। ਉਥੋਂ ਦੇ ਮੇਅਰ ਨੇ ਕਿਹਾ ਕਿ ਜੇ ਸਰਕਾਰ ਮੱਦਦ ਕਰੇ ਤਾਂ ਹੀ ਅਜੇਹਾ ਹੋ ਸਕਦਾ ਹੈ। ਪੁਲਸ ਅਨੁਸਾਰ 1981 ਤੋਂ ਬਾਅਦ ਇਸੇ ਥਾਂ ਇਹ ਤੀਸਰੀ ਮੌਤ ਹੈ।

ਕੇਸਰ ਸਿੰਘ ਨਾਵਲਿਸਟ ਨੇ ਪੰਜਾਬ ਸਰਕਾਰ ਦਾ ਇਨਾਮ ਵਾਪਸ ਕਰ ਦਿਤਾ

ਵੈਨਕੂਵਰ — ਪੰਜਾਬੀ ਦੇ ਪ੍ਰਸਿੱਧ ਨਾਵਲਿਸਟ ਕੇਸਰ ਸਿੰਘ ਨੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਦਿੱਤਾ ਗਿਆ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਯਾਦ ਰਹੇ ਕਿ ਇਹ ਇਨਾਮ ਭਾਸ਼ਾ ਵਿਭਾਗ ਪੰਜਾਬ ਵਲੋਂ 1982 ਵਿਚ ਦਿੱਤਾ ਗਿਆ ਸੀ ਪਰ ਕੇਸਰ ਸਿੰਘ ਨਾਵਲਿਸਟ ਨੇ ਅਜੇ ਤੱਕ ਨਾ ਤਾਂ 5100 ਰੁਪਏ ਦੀ ਰਕਮ, ਗੋਲਡ ਮੈਡਲ ਅਤੇ ਸ਼ਾਲ ਲਏ ਸਨ। ਉਨ੍ਹਾਂ ਇਹ ਇਨਾਮ ਲੈਣ ਤੋਂ ਇਨਕਾਰ ਕਰਦਿਆਂ ਡਰੈਕਟਰ

(ਬਾਕੀ ਪੰਨਾ 3 ਤੇ)

ਮੂਰਛਤ ਮਾਨੁੱਖਤਾ

ਗੁਰਚਰਨ ਰਾਮਪੁਰੀ

ਕੱਲ੍ਹ ਜੋ ਨਿਰਦੋਸ਼ ਮੋਏ
ਮੈਂ ਉਨ੍ਹਾਂ ਖਾਤਰ ਸੀ ਰੋਇਆ,
ਕੱਲ੍ਹ ਵੀ ਮਾਨੁੱਖ ਮੋਇਆ,
ਅੱਜ ਵੀ ਮਾਨੁੱਖ ਮੋਇਆ।

ਕੁੱਝ ਮੌਤਾਂ ਦੀ ਖਬਰ ਤੇ,
ਕਈ ਚੇਹਰੇ ਹੱਸਦੇ ਸਨ,
ਕਈ ਚੇਹਰੇ ਹੱਸਦੇ ਹਨ।

ਬੇਗੁਨਾਹ ਜਿਊੜੇ ਦੇ ਕਾਤਿਲ ਦੀ ਮਨੁਖਤਾ
ਮੂਰਛਤ ਹੁੰਦੀ ਹੈ ਪਹਿਲਾਂ
ਫੇਰ ਖੰਜਰ ਚੱਲਦੀ ਹੈ।

ਮੈਂ ਮੋਏ ਮਾਨੁੱਖ ਲਈ ਵੀ ਰੋ ਰਿਹਾ ਹਾਂ
ਮੂਰਛਤ ਮਾਨੁੱਖਤਾ ਖਾਤਰ ਵੀ ਰੋਵਾਂ।

15 ਅਗਸਤ ਨੂੰ 'ਕੈਨੇਡਾ ਦਰਪਣ' ਦਾ ਵਿਸ਼ੇਸ਼ 'ਘੱਲੂਘਾਰਾ ਅੰਕ'

ਪੰਜਾਬ ਦਰਪਣ

ਭਾਖੜਾ ਨਹਿਰ ਦਾ ਪਾੜ ਬੰਦ ਕੀਤਾ ਜਾਣ ਲੱਗਾ

ਚੰਡੀਗੜ੍ਹ — ਰੋਪੜ ਨੇੜੇ ਭਾਖੜਾ ਨਹਿਰ ਦਾ ਪਾੜ ਭਰਨ ਅਤੇ ਮੁਰੰਮਤ ਦਾ ਕੰਮ ਸ਼ੁਰੂ ਕਰਨ ਲਈ ਨਹਿਰ ਦਾ ਪਾਣੀ ਬੰਦ ਕਰਕੇ ਪਾਣੀ ਦਾ ਵਹਾਅ ਸਿਫਰ ਤੱਕ ਕਰ ਦਿਤਾ ਗਿਆ ਹੈ ਅਤੇ ਪੰਜਾਬ ਦਾ ਸਿੰਚਾਈ ਵਿਭਾਗ ਮੁਰੰਮਤ ਦਾ ਕੰਮ ਸ਼ੁਰੂ ਕਰੇਗਾ। ਲੋੜੀਂਦੀ ਮਸ਼ੀਨਰੀ ਮੌਕੇ 'ਤੇ ਪਹੁੰਚ ਗਈ ਹੈ।

ਸਰਕਾਰੀ ਸੂਤਰਾਂ ਅਨੁਸਾਰ ਪੰਜਾਬ, ਹਰਿਆਣਾ ਅਤੇ ਭਾਖੜਾ ਪ੍ਰਬੰਧਕੀ ਬੋਰਡ ਦੇ ਇੰਜਨੀਅਰ ਮੌਕੇ 'ਤੇ ਗਏ ਅਤੇ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਸੀਸਵਾਂ ਸੁਪਰ ਪੈਸੇਜ ਨੂੰ ਕੋਈ ਨੁਕਸਾਨ ਤਾਂ ਨਹੀਂ ਪਹੁੰਚਿਆ। ਇਹ ਪਤਾ ਲਾ ਕੇ ਫਿਰ ਮਲਬਾ ਚੁੱਕਣ ਅਤੇ ਮਿੱਟੀ ਪਾਉਣ ਕਾ ਕੰਮ ਅਰੰਭਿਆ ਜਾਵੇਗਾ।


ਸਰਕਾਰੀ ਬੁਲਾਰੇ ਅਨੁਸਾਰ ਨਹਿਰ ਨੇੜੇ ਦੋ ਆਰਜ਼ੀ ਬੰਨ੍ਹ ਉਸਾਰੇ ਜਾਣਗੇ। ਇਕ ਸੀਸਵਾਂ ਨਦੀ ਦਾ ਬਰਸਾਤੀ ਪਾਣੀ ਰੋਕਣ ਲਈ ਅਤੇ ਦੂਜਾ ਨਹਿਰ ਦੇ ਉਪਰ ਤਿਆਰ ਕਰਕੇ ਫਿਰ ਪਾੜੇ ਨੇੜੇ ਖੜ੍ਹੇ ਪਾਣੀ ਨੂੰ ਕੱਢਣ ਦਾ ਕੰਮ ਕੀਤਾ ਜਾਵੇਗਾ।

ਬੁਲਾਰੇ ਅਨੁਸਾਰ ਮਲਬਾ ਕੱਢਣ ਅਤੇ ਪਾੜੇ ਦੀ ਥਾਂ ਮਿੱਟੀ ਤੇ ਬਜਰੀ ਭਰਨ ਦੇ ਕੰਮ ਦੋਵੇਂ ਹੀ ਇਕੱਠੇ ਸ਼ੁਰੂ ਕੀਤੇ ਜਾਣਗੇ। ਪਰ ਪਹਿਲਾਂ ਸੁਪਰ ਪੈਸੇਜ ਦੀ ਜਾਂਚ ਹੋ ਰਹੀ ਹੈ। ਨਹਿਰ ਦੀ ਸੁਰਖਿਆ ਲਈ ਫੌਜੀ ਗਸ਼ਤ ਤੇਜ਼ ਕਰ ਦਿਤੀ ਗਈ ਹੈ ਅਤੇ ਸੁਰਖਿਆ ਪੁਲੀਸ ਟੁਕੜੀਆਂ ਦੋਸ਼ੀਆਂ ਦੀ ਭਾਲ ਕਰ ਰਹੀਆਂ ਹਨ ਜਿਨ੍ਹਾਂ ਬਾਰੇ ਨਹਿਰ ਵਿਚ ਪਾੜਾ ਪਾਉਣ ਦਾ ਸ਼ੱਕ ਹੈ।

ਹਰਿਆਣਾ ਸਰਕਾਰ ਦਾ ਅਨੁਮਾਨ ਹੈ ਕਿ ਭਾਖੜਾ ਨਹਿਰ ਦੀ ਤੋੜ ਫੋੜ ਨਾਲ ਹਰਿਆਣੇ ਵਿਚ ਫਸਲਾਂ ਦਾ ਦੋ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ ਅਤੇ ਇਹ ਰਕਮ ਕੇਂਦਰ ਤੋਂ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਮੁਆਵਜ਼ਾ ਦਿਤਾ ਜਾ ਸਕੇ।

ਹਰਿਆਣੇ ਦੇ ਬਿਜਲੀ ਤੇ ਸਿੰਚਾਈ ਮੰਤਰੀ ਸ਼ਮਸ਼ੇਰ ਸਿੰਘ ਸੁਰਜੇਵਾਲਾ ਮੌਕੇ ਤੇ ਜਾਣਗੇ ਅਤੇ ਨਹਿਰ ਦੇ ਨੁਕਸਾਨ ਦਾ ਜਾਇਜ਼ਾ ਲੈਣਗੇ। ਸ੍ਰੀ ਸੁਰਜੇਵਾਲਾ ਨੇ ਦੱਸਿਆ ਕਿ ਉਹ ਕੇਂਦਰ ਸਰਕਾਰ ਨਾਲ ਸੰਪਰਕ ਕਰ ਰਹੇ ਹਨ ਕਿ ਉਹ ਆਪਣੇ ਇੰਜਨੀਅਰਾਂ ਦੀ ਨਿਗਰਾਨੀ ਵਿਚ ਨਹਿਰ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ਤੇ ਕਰਾਏ।

ਹਰਿਆਣਾ ਜਲਤਾ ਵਿਧਾਇਕ ਗਰੁਪ ਦੇ ਨੇਤਾ ਬੀਰੇਂਦਰ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਵਿਧਾਨ ਸਭਾ ਦਾ ਤੁਰਤ ਸਮਾਗਮ ਬੁਲਾਏ ਤਾਂ ਜੋ ਦੋ ਵਾਰ ਨਹਿਰ ਤੋੜਨ ਦੇ ਗੰਭੀਰ ਮਾਮਲੇ ਤੇ ਵਿਚਾਰ ਕੀਤੀ ਜਾਵੇ।



ਸ਼ਨਿਚਰਵਾਰ ਨੂੰ ਰੋਪੜ ਨੇੜੇ ਭਾਖੜਾ ਨਹਿਰ 'ਚ ਸਿਸਵਾਂ ਸੁਪਰ ਪੈਸੇਜ ਕੋਲ ਪਏ ਪਾੜ ਦਾ ਦ੍ਰਿਸ਼। ਫੋਟੋ : ਕਰਮ ਸਿੰਘ।

ਪੰਜਾਬ ਵਿਚ ਯੁਥ ਅਕਾਲੀ ਦਲ ਦੇ ਦੋ ਨੇਤਾ ਗ੍ਰਿਫਤਾਰ

ਚੰਡੀਗੜ੍ਹ — ਸੁਰੱਖਿਆ ਫੌਜਾਂ ਨੇ ਰਾਜ ਭਰ ਵਿਚ ਕੁਝ ਵਿਅਕਤੀਆਂ ਤੇ ਸ਼ੱਕ ਵਿਚ ਪਿਛਲੇ 24 ਘੰਟਿਆਂ ਦੌਰਾਨ 16 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ ਜ਼ਿਲਾ ਅੰਮ੍ਰਿਤਸਰ ਯੂਥ ਅਕਾਲੀ ਵਿੰਗ ਦੇ ਦੋ ਸਰਗਰਮ ਕਾਰਕੁਨ ਅਤੇ ਜ਼ਿਲਾ ਜਲੰਧਰ ਦੇ ਵਿਅਕਤੀ ਵੀ ਸ਼ਾਮਲ ਹਨ। ਜਿਨ੍ਹਾਂ ਨੂੰ ਕੌਮੀ ਸੁਰਖਿਆ ਐਕਟ ਹੇਠ ਫੜਾਰ ਕੀਤਾ ਹੈ।

ਜ਼ਿਲਾ ਜਲੰਧਰ 'ਚ ਪਿਛਲੇ 24 ਘੰਟਿਆਂ ਦੌਰਾਨ ਚਾਰ ਵਿਅਕਤੀਆਂ ਨੂੰ ਕੌਮੀ ਸੁਰਖਿਆ ਐਕਟ ਦੇ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ। ਇਨ੍ਹਾਂ ਵਿਚ ਪਿੰਡ ਡੇਹਰੋਵਾਲ ਦੇ ਰਾਜਿੰਦਰ ਸਿੰਘ ਤੇ ਤਰਸੇਮ ਸਿੰਘ, ਪਿੰਡ ਕੋਹਾਲਾ ਦਾ ਹਰਜੀਤ ਸਿੰਘ ਅਤੇ ਜਲੰਧਰ ਦੇ ਬਾਬਾ ਸੋਢਲ ਗੁਰਦੁਆਰੇ ਦਾ ਗ੍ਰੰਥੀ ਮਾਨ ਸਿੰਘ ਸ਼ਾਮਲ ਹਨ।

ਇਸ ਨਾਲ ਕੌਮੀ ਸੁਰਖਿਆ ਐਕਟ ਹੇਠ ਗ੍ਰਿਫਤਾਰ ਕੀਤੇ ਜਾਣ ਵਾਲਿਆਂ ਦੀ ਗਿਣਤੀ 15 ਹੋ ਗਈ ਹੈ।

—0—

ਅੰਮ੍ਰਿਤਸਰ — ਯੂਥ ਅਕਾਲੀ ਦਲ ਦੇ ਸਰਗਰਮ ਕਾਰਕੁਨ ਹਰਜੀਤ ਸਿੰਘ ਝਬਾਲ ਤੇ ਗੁਰਸ਼ਰਨ ਸਿੰਘ ਸਹਿਸਰਾਂ ਨੂੰ "ਦੇਸ਼ ਧਰੋਹੀ" ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਜਾਣਕਾਰੀ ਸਰਕਾਰ ਤੌਰ 'ਤੇ ਦਿਤੀ ਗਈ।

ਜ਼ਿਲਾ ਪੁਲੀਸ ਚੀਫ ਸ੍ਰੀ ਬੂਆ ਸਿੰਘ ਵਲੋਂ ਜਾਰੀ ਇਕ ਪ੍ਰੈਸ ਰਿਲੀਜ਼ ਵਿਚ ਇਹ ਨਹੀਂ ਦੱਸਿਆ ਕਿ ਉਕਤ ਵਿਅਕਤੀਆਂ ਨੂੰ ਕਦੋਂ ਤੇ ਕਿਥੇ ਗ੍ਰਿਫਤਾਰ ਕੀਤਾ ਗਿਆ। ਪਰ ਇਹ ਜ਼ਿਕਰ ਕੀਤਾ ਹੈ ਕਿ ਉਹ ਲੋਕਾਂ ਨੂੰ 'ਸਰਕਾਰ ਅਤੇ ਇਕ ਫਿਰਕੇ ਵਿਰੁਧ ਭੜਕਾਹ ਰਹੇ ਹਨ।'

ਸ੍ਰੀ ਬੂਆ ਸਿੰਘ ਨੇ ਦੱਸਿਆ ਕਿ ਇਕ ਹਵਾਲਦਾਰ ਕਰਨੈਲ ਸਿੰਘ ਨੂੰ ਕੁਝ ਦੇਰ ਪਹਿਲਾਂ ਕੱਥੂ ਨੰਗਲ ਥਾਣੇ ਦੇ ਏਰੀਏ 'ਚ ਹੋਏ ਕਤਲ ਕੇਸ 'ਚ ਗ੍ਰਿਫਤਾਰ ਕੀਤਾ ਗਿਆ ਹੈ।

ਰਾਗੀ ਸਿੰਘਾਂ ਦੀ ਮੌਤ ਦੇ ਹਰਜਾਨੇ ਲਈ ਪਟੀਸ਼ਨ

ਨਵੀਂ ਦਿੱਲੀ — ਇਥੋਂ ਦੇ ਇਕ ਐਡਵੋਕੇਟ ਗਿਆਨੀ ਉਜਾਗਰ ਸਿੰਘ ਨੇ ਜਿੰਨ੍ਹਾਂ ਦੇ ਨੇਤਰਹੀਣ ਭਤੀਜੇ ਰਾਗੀ ਅਮਰੀਕ ਸਿੰਘ ਦੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਫੌਜੀ ਕਾਰਵਾਈ ਦੌਰਾਨ ਮੌਤ ਹੋ ਗਈ ਸੀ, ਸੁਪਰੀਮ ਕੋਰਟ 'ਚ ਦਾਇਰ ਇਕ ਪਟੀਸ਼ਨ ਰਾਹੀਂ ਇਕ ਲੱਖ ਰੁਪਏ ਦੇ ਹਰਜਾਨੇ ਦੀ ਮੰਗ ਕੀਤੀ ਹੈ।

ਪਟੀਸ਼ਨਰ ਨੇ ਇਹ ਹਰਜਾਨਾ ਕੇਂਦਰ ਸਰਕਾਰ, ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਤੇ ਪੰਜਾਬ ਸਰਕਾਰ ਪਾਸੋਂ ਮੰਗਿਆ ਹੈ। ਪਟੀਸ਼ਨਰ ਨੇ ਦੱਸਿਆ ਕਿ ਉਸ ਦਾ ਭਤੀਜਾ ਰਾਗੀ ਅਮਰੀਕ ਸਿੰਘ ਨਾ ਕੋਈ ਅਤਿਵਾਦੀ ਸੀ ਨਾ ਹੀ ਉਸ ਦਾ ਕਿਸੇ ਅਜਿਹੀਆਂ ਸਰਗਰਮੀਆਂ ਨਾਲ ਸਰੋਕਾਰ ਸੀ। ਉਹ ਜਨਮ ਤੋਂ ਹੀ ਨੇਤਰਹੀਣ ਸੀ ਤੇ ਹਰਿਮੰਦਰ ਸਾਹਿਬ ਦਾ ਮੰਨਿਆ ਹੋਇਆ ਰਾਗੀ ਸੀ। ਇਸ ਕੇਸ ਦੀ ਸੁਣਵਾਈ ਪਹਿਲੀ ਅਗਸਤ ਨੂੰ ਹੋ ਰਹੀ ਹੈ।

ਸਰਕਾਰੀ ਪ੍ਰਚਾਰ ਦਾ ਜ਼ੋਰਦਾਰ ਖੰਡਨ

ਬਰਨਾਲਾ — ਰਾਸ਼ਟਰੀ ਸੰਜੇ ਮੰਚ ਪੰਜਾਬ ਦੇ ਪ੍ਰਧਾਨ ਸ਼ਿਵ ਸ਼ੰਕਰ ਸਿੰਘ ਸੰਧੂ ਨੇ ਇਥੇ ਇਕ ਭੇਂਟ ਵਿਚ ਕਿਹਾ ਹੈ ਕਿ ਕਾਂਗਰਸੀ ਸਰਕਾਰ ਜਿਸ ਢੰਗ ਦਾ ਪ੍ਰਚਾਰ ਰੇਡੀਓ, ਟੀ. ਵੀ. ਅਤੇ ਪ੍ਰੈਸ ਰਾਹੀਂ ਕਰ ਰਹੀ ਹੈ, ਉਹ ਦੁਖੀਆਂ ਪੰਜਾਬੀਆਂ 'ਤੇ ਮਲ੍ਹਮ ਲਾਉਣ ਵਾਲਾ ਨਹੀਂ, ਸਗੋਂ ਜ਼ਖਮਾਂ 'ਤੇ ਨਿਮਕ ਛਿੜਕਣ ਦੇ ਤੁਲ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਮੁਖ ਮੰਤਰੀ ਭਜਨ ਲਾਲ ਜਿਸ ਨੇ ਏਸ਼ਿਆਡ ਸਮੇਂ ਤੇ ਪਿਛੋਂ ਹਰਿਆਣਾ ਵਿਚੋਂ ਲੰਘਦੇ ਸਿੱਖਾਂ ਨੂੰ ਬੇਪੱਤ ਕੀਤਾ, ਉਸ ਦੇ ਬਿਆਨ ਉਛਾਲਣੇ, ਸਿੱਖਾਂ ਦੇ ਜਜ਼ਬਾਤਾਂ ਨੂੰ ਭੜਕਾਣ ਤੋਂ ਸਿਵਾ ਕੁਝ ਨਹੀਂ ਹੈ। ਕਾਰ ਸੇਵਾ ਬਾਰੇ ਸਰਕਾਰ ਦਾ ਵਤੀਰਾ ਵੀ ਹਾਲਾਤ ਸ਼ਾਂਤ ਕਰਨ ਵਾਲਾ ਨਹੀਂ।

ਉਨ੍ਹਾਂ ਹੋਰ ਦੱਸਿਆ ਕਿ ਪਿਛਲੇ ਦੋ ਦਿਨਾਂ ਵਿਚ ਕੋਈ ਸੌ ਸਮਾਜ ਵਿਰੋਧੀ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਹੋਰ ਦੱਸਿਆ ਕਿ ਤਰਸਿੱਕਾ ਦੇ ਕਰਮ ਸਿੰਘ ਤੇ ਹਰਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ 'ਤੇ ਪਿੰਡ ਬੈਪਾਰਾਏ ਵਿਚ ਪਿਛੇ ਜਿਹੇ ਇਕ ਦੁਕਾਨ ਨੂੰ ਅੱਗ ਲਾਉਣ ਦਾ ਦੋਸ਼ ਸੀ।

ਨਹਿਰ ਤੋੜੇ ਜਾਣ ਦੀ ਨਿਖੇਧੀ

ਚੰਡੀਗੜ੍ਹ— ਪੰਜਾਬ ਅਤੇ ਚੰਡੀਗੜ੍ਹ ਦੇ ਵੱਖ ਵੱਖ ਸਿਆਸੀ ਆਗੂਆਂ ਨੇ ਭਾਖੜਾ ਨਹਿਰ ਮੁੜ ਤੋੜੇ ਜਾਣ ਦੀ ਘਟਨਾ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਦੇਸ਼ ਨਾਲ ਗਦਾਰੀ ਵਾਲੀ ਕਾਰਵਾਈ ਦਸਿਆ ਹੈ।

ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਜਨਰਲ ਸਕੱਤਰ ਹਿੱਤ ਅਭਿਲਾਸ਼ੀ ਨੇ ਇਕ ਬਿਆਨ ਵਿਚ ਕਿਹਾ ਕਿ ਨਹਿਰ ਤੋੜਨ ਦੀ ਕਾਰਵਾਈ ਸਮਾਜ ਵਿਰੋਧੀ, ਕਿਸਾਨ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਦੀ ਜਿੰਦ-ਜਾਨ ਇਸ ਨਹਿਰ ਨੂੰ ਤੋੜੇ ਜਾਣ ਦੇ ਸਿੱਟੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਮਾੜੀ ਫਸਲ ਕਾਰਨ ਬੇਸ਼ੁਮਾਰ ਔਕੜਾਂ ਦਾ ਸਾਹਮਣਾ ਕਰਨਾ ਪਏਗਾ ਜਦਕਿ ਦੇਸ਼ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਜਾਵੇਗਾ।

ਸ੍ਰੀ ਹਿੱਤ ਅਭਿਲਾਸ਼ੀ ਨੇ ਨਹਿਰ ਤੋੜਨ ਦੀ ਪਿਛਲੀ ਘਟਨਾ ਮਗਰੋਂ ਨਹਿਰ ਦੀ ਸੁਰਖਿਆ ਅਤੇ ਚੌਕਸੀ ਦੇ ਪ੍ਰਬੰਧਾਂ ਵਿਚ ਕਮਜ਼ੋਰੀ ਲਈ ਪੰਜਾਬ ਸਰਕਾਰ ਦੀ ਸਖਤ ਆਲੋਚਨਾ ਕੀਤੀ।

ਬਠਿੰਡਾ — ਪੰਜਾਬ ਦੇ ਸਾਬਕਾ ਮਾਲ ਮੰਤਰੀ ਉਮਰਾਓ ਸਿੰਘ ਨੇ ਵੀ ਭਾਖੜਾ ਮੁਖ ਨਹਿਰ ਤੋੜੇ ਜਾਣ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਤੋੜ ਫੋੜਕਾਰੀਆਂ ਦੀ ਇਹ ਅਣਮਨੁਖੀ ਕਾਰਵਾਈ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਵਸਦੇ ਲੱਖਾਂ ਲੋਕਾਂ ਦੇ ਮੂੰਹ ਵਿਚੋਂ ਰੋਟੀ ਦਾ ਟੁਕੜਾ ਖੋਹਣ ਦੇ ਬਰਾਬਰ ਹੈ। ਉਨ੍ਹਾਂ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ।

ਲੁਧਿਆਣਾ — ਸਾਬਕਾ ਵਿੱਤ ਮੰਤਰੀ ਡਾ. ਕੇਵਲ ਕ੍ਰਿਸ਼ਨ ਨੇ ਨਹਿਰ ਤੋੜਨ ਦੀ ਕਾਰਵਾਈ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਜਿਹੇ ਬੰਦਿਆਂ ਨੂੰ ਵੇਖਦੇ ਸਾਰ ਗੋਲੀ ਮਾਰ ਦੇਣ ਦੇ ਹੁਕਮ ਹੋ ਜਾਣੇ ਚਾਹੀਦੇ ਹਨ।

ਓਦੋਂ ਦੀਆਂ ਗੱਲਾਂ ਹੋਰ ਸਨ ਓਦੋਂ ਸਮਾਂ ਸੀ ਹੋਰ।
ਤੇਰਾ ਹੁਸਨ ਮੂੰਹ ਜ਼ੋਰ ਸੀ ਮੇਰਾ ਇਸ਼ਕ ਮੂੰਹ ਜ਼ੋਰ।

(ਪੰਨਾ 1 ਦੀ ਬਾਕੀ)

ਭਾਸ਼ਾ ਵਿਭਾਗ ਪਟਿਆਲਾ ਨੂੰ ਲਿਖਿਆ ਹੈ "ਕਿ ਭਾਰਤ ਸਰਕਾਰ ਵਲੋਂ, ਪੰਜਾਬ ਸਰਕਾਰ ਦੀ ਪੂਰੀ ਸਹਿਮਤੀ ਨਾਲ ਸਿੱਖਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਸਥਾਨ ਦੀ ਬੇਹੁਰਮਤੀ ਅਤੇ ਤਬਾਹੀ ਕੀਤੀ ਗਈ ਹੈ ਅਤੇ ਹਜ਼ਾਰਾਂ ਬੇਕਸੂਰ ਸਿੱਖਾਂ ਦੀਆਂ ਜਾਨਾਂ ਲਈਆਂ ਗਈਆਂ ਹਨ। ਇਸ ਲਈ ਮੈਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਦਾ ਮਾਣ ਲੈਣ ਤੋਂ ਇਨਕਾਰ ਕਰਦਾ ਹਾਂ।"

THE CANADA DARPAN
P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360
All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਪੰਜਾਬ ਵਿਚ ਮਧਕਾਲੀ ਚੋਣਾਂ

ਇਕ ਖਬਰ ਅਨੁਸਾਰ ਕੇਂਦਰ ਸਰਕਾਰ ਪੰਜਾਬ ਵਿਧਾਨ ਸਭਾ ਨੂੰ ਭੰਗ ਨਹੀਂ ਕਰੇਗੀ ਪਰ ਵਿਧਾਨ ਸਭਾ ਦੀਆਂ ਚੋਣਾਂ ਵੀ ਪਾਰਲੀਮੈਂਟ ਦੀਆਂ ਚੋਣਾਂ ਨਾਲ ਹੀ ਨਵੰਬਰ ਜਾਂ ਦਸੰਬਰ ਵਿਚ ਕਰਵਾ ਦਿਤੀਆਂ ਜਾਣਗੀਆਂ। ਇਹ ਵੀ ਕਿਹਾ ਜਾ ਰਿਹਾ ਹੈ ਕਿ 5 ਅਕਤੂਬਰ ਨੂੰ ਪੰਜਾਬ ਵਿਚ ਲਾਗੂ ਰਾਸ਼ਟਰਪਤੀ ਰਾਜ ਦੀ ਮਿਆਦ ਖਤਮ ਹੋ ਜਾਣੀ ਹੈ ਪਰ ਪੰਜਾਬ ਦੇ ਕਾਂਗਰਸੀਆਂ ਵਲੋਂ ਇਹ ਜ਼ੋਰ ਕੇਂਦਰ ਤੇ ਪਾਇਆ ਜਾ ਰਿਹਾ ਹੈ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਖਤਮ ਕਰਕੇ ਕਾਂਗਰਸ ਨੂੰ ਸਰਕਾਰ ਬਣਾ ਲੈਣੀ ਚਾਹੀਦੀ ਹੈ।

ਪੰਜਾਬ ਦੇ ਮਸਲੇ ਨੂੰ ਕੇਂਦਰੀ ਹਕੂਮਤ ਨੇ ਜਿਸ ਗ਼ੈਰ-ਜ਼ਿੰਮੇਂਵਾਰੀ ਨਾਲ ਲਿਆ ਹੈ, ਇਸ ਬਾਰੇ ਹੁਣ ਦੋ ਰਾਵਾਂ ਨਹੀਂ ਹਨ। ਇਸੇ ਗ਼ੈਰ-ਜ਼ਿੰਮੇਂਵਾਰੀ ਕਾਰਨ ਪਹਿਲਾਂ ਪੰਜਾਬ ਦੀ ਪੁਲਸ ਨੂੰ ਖੁਲ੍ਹੀ ਛੁਟੀ ਦੇ ਰੱਖੀ ਅਤੇ ਢਾਈ ਸਾਲ ਲੋਕਾਂ ਉਤੇ ਪੁਲਸ ਤਸ਼ੱਦਦ ਤੇ ਝੂਠੇ ਮੁਕਾਬਲੇ ਠੋਸੇ ਗਏ। ਪੰਜਾਬ ਵਿਚ ਸੈਂਕੜੇ ਕਤਲ ਹੋਏ ਪਰ ਇਕ ਵੀ ਦੋਸ਼ੀ ਪੰਜਾਬ ਪੁਲਸ ਨਾ ਫੜ ਸਕੀ ਸਮੁੱਚੇ ਦੇਸ਼ ਦੇ ਪ੍ਰਕਰਣ ਵਿਚ ਦੇਖਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਤੇ ਹਮਲਾ ਟਾਲਿਆ ਜਾ ਸਕਦਾ ਸੀ ਪਰ ਕੇਂਦਰ ਸਰਕਾਰ ਇਸ ਮਸਲੇ ਨੂੰ ਜਾਣ ਬੁਝ ਕੇ ਪੇਚੀਦਾ ਕਰ ਗਈ। ਜਦ ਦੇਖਿਆ ਗਿਆ ਕਿ ਚੋਣਾਂ ਵਿਚ ਫਾਇਦਾ ਉਠਾਇਆ ਜਾ ਸਕਦਾ ਹੈ ਤਾਂ ਫੌਜੀ ਹਮਲੇ ਦਾ ਪਰਪੰਚ ਰਚਿਆ ਗਿਆ। ਜਦ ਕਿ ਹਾਕਮਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਲੋਕ ਹੋਰ ਸਭ ਕੁਝ ਸਹਿਣ ਕਰ ਸਕਦੇ ਹਨ ਪਰ ਪਵਿੱਤਰ ਧਾਰਮਿਕ ਅਸਥਾਨ ਤੇ ਫੌਜੀ ਹਮਲੇ ਨੂੰ ਬਰਦਾਸ਼ਤ ਨਹੀਂ ਕਰਨਗੇ।

ਪੰਜਾਬ ਵਿਚ ਅਜਿਹੇ ਸਮੇਂ ਚੋਣਾਂ ਕਰਵਾਉਣਾ ਜਦੋਂ ਕਿ ਲੋਕਾਂ ਦੀਆਂ ਭਾਵਨਾਵਾਂ ਬੁਰੀ ਤਰ੍ਹਾਂ ਵਲੂੰਧਰੀਆਂ ਗਈਆਂ ਹਨ, ਸਥਿਤੀ ਨੂੰ ਹੋਰ ਗੁੰਝਲਦਾਰ ਬਨਾਉਣਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਪਰਮੁੱਖ ਆਗੂ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਪਰਮੁੱਖ ਪਾਰਟੀ ਹੈ, ਜੇ ਉਸ ਦੇ ਆਗੂ ਜੇਲ੍ਹਾਂ ਵਿਚ ਰੱਖਕੇ ਹੀ ਕਾਂਗਰਸ ਨੂੰ ਜਿਤਾਉਣਾ ਹੈ ਤਾਂ ਦਰਬਾਰ ਸਾਹਿਬ ਤੇ ਫੌਜੀ ਹਮਲੇ ਪਿਛੇ ਲੁਕੀ ਸਾਜ਼ਿਸ਼ ਪੰਜਾਬ ਦੇ ਲੋਕਾਂ ਤੋਂ ਛੁਪੀ ਨਹੀਂ ਰਹਿ ਸਕਦੀ।

ਪੰਜਾਬ ਪਿਛੋਂ ਜੰਮੂ ਕਸ਼ਮੀਰ ਵਿਚ ਜਮਹੂਰੀਅਤ ਦਾ ਦੀਵਾਲਾ ਕੱਢਣ ਵਿਚ ਵੀ ਕੇਂਦਰ ਸਰਕਾਰ ਨੇ ਕੋਈ ਕਸਰ ਨਹੀਂ ਛੱਡੀ। ਦਲ ਬਦਲੂ ਸਰਕਾਰਾਂ ਕਾਂਗਰਸ ਰਾਜ ਦੀ ਦੇਣ ਹਨ। ਰਾਜਸੀ ਭ੍ਰਿਸ਼ਟਾਚਾਰੀ ਇਸ ਹਕੂਮਤ ਦਾ ਖਾਸਾ ਹੈ। ਜਿਸ ਢੰਗ ਨਾਲ ਮੰਗਲਵਾਰ 31 ਜੁਲਾਈ ਨੂੰ ਵਿਧਾਨ ਸਭਾ ਵਿਚ ਹੰਗਾਮਾ ਹੋਇਆ ਹੈ, ਉਸ ਨੂੰ ਕੋਈ ਵੀ ਜਮਹੂਰੀਅਤ-ਪਸੰਦ ਵਿਅਕਤੀ ਪਸੰਦ ਨਹੀਂ ਕਰ ਸਕਦਾ।

ਸਮੁੱਚਾ ਦੇਸ਼ ਇਸ ਸਮੇਂ ਫਿਰਕੂ ਤਾਕਤਾਂ ਵਿਚ ਵੰਡਣ ਦੀ ਕੋਸ਼ਿਸ਼ ਮੁਲਕ ਲਈ ਤਬਾਹਕੁਨ ਸਾਬਤ ਹੋਵੇਗੀ। ਇਸ ਢੰਗ ਨਾਲ ਚੋਣਾਂ ਤਾਂ ਬੇਸ਼ਕ ਜਿਤੀਆਂ ਜਾ ਸਕਣ ਪਰ ਸਮੁੱਚੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਇਹ ਫਿਰਕੂ ਢੰਗ ਮਾਰੂ ਬਣ ਸਕਦੀ ਹੈ। ਇਸ ਲਈ ਹਰ ਜਮਹੂਰੀ ਸੋਚ ਵਾਲੇ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਕੇਂਦਰ ਸਰਕਾਰ ਦੀ ਇਸ ਸਾਜ਼ਿਸ਼ ਦਾ ਵਿਰੋਧ ਕਰੇ ਤਾਂਕਿ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਿਆ ਜਾ ਸਕੇ।

ਚਿੱਠੀਆਂ ਬਿਨ ਸਿਰਨਾਵਿਓਂ

ਅੱਜ ਕੱਲ੍ਹ ਡਾਕ ਵਿਚ ਵਿਅਕਤੀਆਂ, ਵਪਾਰੀਆਂ, ਸੰਸਥਾਵਾਂ ਅਤੇ ਮੀਡੀਏ ਨੂੰ ਅਜਿਹੀਆਂ ਚਿੱਠੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੋਇਆ ਹੈ, ਜਿਨ੍ਹਾਂ ਵਿਚ ਫਰਜ਼ੀ ਸੰਸਥਾਵਾਂ ਦੇ ਨਾਂ ਲਿਖਕੇ ਪ੍ਰਚਾਰ ਅਰੰਭਿਆ ਗਿਆ ਹੈ। ਇਹ 'ਬੀਮਾਰੀ' ਵੈਨਕੂਵਰ ਵਿਚ ਕਈਆਂ ਸਾਲਾਂ ਤੋਂ ਸ਼ੁਰੂ ਹੋਈ ਦੱਸੀ ਜਾਂਦੀ ਹੈ ਪਰ ਅੱਜ ਪੰਜਾਬ ਦੀਆਂ ਦੁਖਦਾਇਕ ਘਟਨਾਵਾਂ ਨੂੰ ਲੈ ਕੇ ਕਈ ਵਿਅਕਤੀ ਆਪਣੀ ਹਉਮੈ ਨੂੰ ਪੱਠੇ ਪਾਉਣ ਵਿਚ ਲੱਗੇ ਹੋਏ ਹਨ। ਇਥੋਂ ਤੱਕ ਕਿ ਧਾਰਮਿਕ ਤੌਰ ਤੇ ਸਤਿਕਾਰੇ ਜਾਂਦੇ ਮਹਾਂਪੁਰਖਾਂ ਦੇ ਨਾਂ ਵੀ ਵਰਤਣੋਂ ਦਰੇਗ ਨਹੀਂ ਕੀਤਾ ਜਾਂਦਾ। ਇਹ ਕੇਵਲ ਪਾਠਕਾਂ ਨੂੰ ਸੂਚਿਤ ਕਰਨ ਲਈ ਹੀ ਹੈ ਕਿਉਂਕਿ ਪਿਛਲੇ ਕਈ ਸਾਲਾਂ ਤੋਂ ਇਕ ਟੋਲਾ ਗੰਦੀ ਜ਼ਬਾਨ ਵਿਚ ਚਿਠੀਆਂ ਲਿਖਣ ਦਾ ਇਨਾ ਆਦੀ ਹੋ ਚੁਕਾ ਹੈ ਕਿ ਉਨ੍ਹਾਂ ਨੂੰ ਮਾਵਾਂ ਭੈਣਾਂ ਦੀ ਇਜ਼ਤ ਤੱਕ ਦਾ ਵੀ ਅਹਿਸਾਸ ਨਹੀਂ ਹੈ। ਇਹ ਮਸਲਾ ਜ਼ਾਤੀ ਰੰਜਸ਼ਾਂ ਤੱਕ ਸੀਮਤ ਨਾ ਰਹਿ ਕੇ ਹੁਣ ਰਾਜਸੀ ਖੇਤਰ ਵਿਚ ਵੀ ਪ੍ਰਵੇਸ਼ ਕਰ ਰਿਹਾ ਹੈ ਪਹਿਲੀਆਂ ਚਿੱਠੀਆਂ ਜਿਨ੍ਹਾਂ ਨੂੰ ਮਿਲਦੀਆਂ ਰਹੀਆਂ ਹਨ, ਉਨ੍ਹਾਂ ਨੂੰ ਤਾਂ ਅਜਿਹੇ ਖਰ-ਦਿਮਾਗ ਤੇ ਗੰਦੀ ਬੋਲੀ ਲਿਖਣ ਵਾਲੇ ਦਾ ਅਹਿਸਾਸ ਹੋ ਸਕਦਾ ਹੈ ਕਿ ਕਿਉਂ ਉਨ੍ਹਾਂ ਨੂੰ ਫਰਜ਼ੀ ਨਾਵਾਂ ਤੇ ਚਿਠੀਆਂ ਮਿਲਦੀਆਂ ਰਹੀਆਂ ਹਨ ਪਰ ਰਾਜਸੀ ਖੇਤਰ ਵਿਚ ਕੁਝ ਆਗੂਆਂ ਵਿਰੁਧ ਇਲਜ਼ਾਮ ਲਾਉਣ ਸਮੇਂ ਏਨਾ ਹੌਂਸਲਾ ਉਨ੍ਹਾਂ ਵਿਅਕਤੀਆਂ ਵਿਚ ਜ਼ਰੂਰ ਚਾਹੀਦਾ ਹੈ ਕਿ ਉਹ ਕਾਨੂੰਨੀ ਕਾਰਵਾਈ ਤੋਂ ਨਾ ਡਰਦੇ ਆਪਣੇ ਪ੍ਰਚਾਰ ਨੂੰ ਲੋਕਾਂ ਤੱਕ ਖੁਲ੍ਹ ਕੇ ਲਿਆਉਣ।

ਦੂਜੇ ਸਾਡਾ ਮੀਡੀਏ ਵਾਲੇ ਲੋਕਾਂ ਦਾ ਵੀ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਵਿਰੋਧੀਆਂ ਤੇ ਇਲਜ਼ਾਮ ਲਾਗਉਣ ਲੱਗਿਆਂ ਆਪਣੀ ਬੁੱਕਲ ਵਿਚ ਝਾਤੀ ਮਾਰੀਏ ਕਿ ਸਾਡੀ ਪੱਤਰਕਾਰੀ ਜਿਸਦੇ ਅਸੀਂ ਕੌਮਾਂਤਰੀ ਦਮਗਜੇ ਮਾਰਦੇ ਹਾਂ ਜ਼ਾਤੀ ਚਿੱਕੜਬਾਜ਼ੀ ਤੋਂ ਉਤੇ ਉਠ ਕੇ ਦਲੀਲ ਦੀ ਪੱਧਰ ਤੇ ਗੱਲ ਕਰਨ ਦੀ ਸਮਰਥਾ ਵੀ ਰੱਖਦੀ ਹੈ - ਨਾ ਕਿ ਅਸੀਂ ਅਜਿਹੀਆਂ ਚਿਠੀਆਂ ਜੋ ਸਾਡਾ ਮਕਸਦ ਹੀ ਪੂਰਾ ਕਰਦੀਆਂ ਹਨ, ਉਹ ਹੀ ਛਾਪੀਏ। ਚਿਠੀਆਂ ਜੋ ਬਿਨ ਸਿਰਨਾਵਿਓਂ ਹਨ, ਉਨ੍ਹਾਂ ਵਿਚ ਠੀਕ ਦਲੀਲਾਂ ਦੀ ਵੀ ਕੋਈ ਕੀਮਤ ਨਹੀਂ ਰਹਿੰਦੀ ਜਦ ਇਨ੍ਹਾਂ ਚਿਠੀਆਂ ਦੇ ਸਹੀ ਹੋਣ ਦੀ ਤਸਦੀਕ ਨਾ ਕੀਤੀ ਜਾ ਸਕੇ।

ਦਿੱਲੀ ਤੇ ਅੰਮ੍ਰਿਤਸਰ ਦੀ ਲੜਾਈ

—ਪ੍ਰੋ: ਪਿਆਰਾ ਸਿੰਘ 'ਪਦਮ'

ਦਿੱਲੀ ਤੇ ਅੰਮ੍ਰਿਤਸਰ ਦੀ ਟੱਕਰ ਇੱਕ ਲੰਮਾਂ ਇਤਹਾਸ ਰੱਖਦੀ ਹੈ। ਦਿੱਲੀ ਰਾਜ ਨਗਰ ਹੋਣ ਕਰਕੇ ਰਾਜ-ਮਦ ਦਾ ਸ਼ਿਕਾਰ ਹੈ ਅਤੇ ਅੰਮ੍ਰਿਤਸਰ ਧਰਮ ਦੀ ਨਗਰੀ ਹੋਣ ਕਾਰਨ ਪਹਿਲਾਂ ਤੋਂ ਹੀ ਨਿਮਰਤਾ ਤੇ ਸ਼ਾਂਤੀ ਦਾ ਅਲਮਬਰਦਾਰ ਰਹੀ ਹੈ।

ਔਰੰਗਜ਼ੇਬ ਦਾ ਫੁਰਮਾਨ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਵੈਰਾਗ-ਮੂਰਤਿ ਮਹਾਂ ਪੁਰਸ਼ ਨੂੰ ਟੋਟੇ ਟੋਟੇ ਕਰ ਦਿਤਾ ਜਾਵੇ — ਦਿਹਲਵੀ ਜ਼ਬਰ ਦਾ ਸਾਮਰਥਕ ਨਮੂਨਾ ਸੀ। ਮੁਨਸ਼ੀ ਸੁਜਾਨ ਰਾਇ ਨੇ ਲਿਖਿਆ ਹੈ —

ਹਸਬੁਲ ਹੁਕਮ ਆਲਮਗੀਰ ਬਾਦਸ਼ਾਹ
ਦਰ ਸ਼ਾਹਜਹਾਨ ਬਾਦ ਕੁਸ਼ਤਾ ਸ਼ੁਦ।

(ਖੁਲਾਸਾਤੁਤਾਰੀਖ)

ਭਾਵ — ਔਰੰਗੇ ਦੇ ਹੁਕਮ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ। ਜਦ ਔਰੰਗੇ ਦਾ ਪੁੱਤਰ ਬਹਾਦਰ ਸ਼ਾਹ ਗੱਦੀ ਤੇ ਬੈਠਾ ਤਾਂ ਉਸ ਨੇ 10 ਦਸੰਬਰ 1710 ਈ: ਨੂੰ ਇੱਕ ਸ਼ਾਹੀ ਫੁਰਮਾਨ ਜਾਰੀ ਕੀਤਾ ਕਿ ਜਿਥੇ ਵੀ ਕਿਤੇ ਕੋਈ ਗੁਰੂ ਨਾਮ-ਲੇਵਾ ਉਸ ਨੂੰ ਥਾਂ ਕਤਲ ਕਰ ਦਿਤਾ ਜਾਵੇ।

ਨਾਨਕ ਪ੍ਰਸਤਾ ਰਾ ਹਰ ਜਾ ਕਿ ਬਾਯੰਬਦ
ਬਕਤਲ ਰਸਾਨੰਦ।

(ਅਖਬਾਰਿ ਦਰਬਾਰਿਮੁਅਲਾ)

ਇਸੇ ਜ਼ਾਲਮ ਵਤੀਰੇ ਦਾ ਨਤੀਜਾ ਸੀ ਕਿ ਫਰੁਖਸੀਆਰ ਨੇ ਬੰਦਾ ਬਹਾਦਰ ਤੇ ਉਸ ਦੇ 694 ਸਿੱਖ ਸਾਥੀਆਂ ਨੂੰ ਕਤਾਰਾਂ ਬੰਨ੍ਹ ਬੰਨ੍ਹਕੇ ਦਿੱਲੀ ਕਤਲ ਕੀਤਾ। ਇਸ ਤੋਂ ਬਾਅਦ ਫਰੁੱਖਸੀਅਰ ਨੇ ਇਕ ਹੋਰ ਉਚੇਚਾ ਸ਼ਾਹੀ ਫੁਰਮਾਨ ਜਾਰੀ ਕੀਤਾ ਕਿ ਹਸ ਫਿਰਕੇ ਦੇ ਲੋਕ ਜਿਥੇ ਕਿਤੇ ਵੀ ਦਿਸਣ ਬਿਨਾ ਕਿਸੇ ਪੁੱਛ ਪੜਤਾਲ ਦੇ ਮਾਰ ਦਿਤੇ ਜਾਣ —

ਬਾਅਦ ਕਤਲਿ ਉ ਹੁਕਮ ਸ਼ੁਦ
ਕਿ ਹਰ ਜਾਈਂ ਫਿਰਕਾ ਰਾ ਯਬੰਦ
ਬਤਅੱਮਲ ਬਿਕੁਸ਼ੰਦ

(ਮਿਫਤਾਉ ਤਾਰੀਖ, ਪੰਨਾਂ 398)

ਇਸ ਤੋਂ ਪਿਛੋਂ ਅਜਿਹੇ ਫੁਰਮਾਨ ਲਾਹੌਰ ਦਰਬਾਰ ਤੋਂ ਆਮ ਨਿਕਲਦੇ ਰਹੇ ਤੇ ਚਾਲ੍ਹੀ ਵਰ੍ਹੇ ਸਰਕਾਰੀ ਹੁਕਮਾਂ ਮੁਤਾਬਕ ਸਿੱਖਾਂ ਦੀ ਕਤਲਾਮ ਜਾਰੀ ਰਹੀ। ਕੇਸ ਧਾਰੀ ਸਿਰਾਂ ਦੇ ਇਨਾਮ ਰੱਖ ਕੇ ਢੇਰ ਲੱਗਦੇ ਗਏ ਅਤੇ ਸ਼ਹੀਦ ਗੰਜ ਬਣਦੇ ਗਏ।

ਪਹਿਲੇ ਸੂਬੇਦਾਰ ਅਬਦੁਲ ਸਮੱਦ ਖਾਂ, ਫਿਰ ਉਸ ਦੇ ਪੁੱਤਰ ਜ਼ਕਰੀਆ ਖਾਂ ਤੇ ਯਹੀਆ ਖਾਂ ਤੇ ਦੀਵਾਨ ਜਸਪਤ ਰਾਏ ਨਿਰਦੋਸ਼ ਸਿੰਘਾਂ ਦੇ ਲਹੂ ਨਾਲ ਹੱਥ ਰੰਗਦੇ ਰਹੇ। ਮੀਰ ਮੰਨੂੰ ਨੇ ਵੀ ਘੱਟ ਨਹੀਂ ਗੁਜ਼ਾਰੀ। ਇਹ ਲੋਕ ਸਭ ਕੁਝ ਦਿੱਲੀ ਨੂੰ ਖ਼ੁਸ਼ ਕਰਨ ਲਈ ਕਰਦੇ ਸਨ। ਜੇ ਹੁਣ ਦੇ ਸੂਬੇਦਾਰ ਵੀ ਉਹੋ ਕੁਝ ਕਰਦੇ ਹਨ ਤਾਂ ਇਸ ਤੇ ਕਿਸੇ ਨੂੰ ਅਚੰਭਾ ਨਹੀਂ ਹੋਣਾ ਚਾਹੀਦਾ।

(2)

ਜਦ ਸਿੰਘ ਸ਼ਹੀਦੀਆਂ ਪਾ ਪਾ ਕੇ ਫਿਰ ਤੇਗ ਦੇ ਜ਼ੋਰ ਨਾਲ ਜਰਵਾਣਿਆਂ ਨੂੰ ਭਾਂਜਾਂ ਲਾਹੁਣ ਵਿਚ ਕਾਮਯਾਬ ਹੋ ਗਏ ਤਾਂ ਉਹਨਾਂ ਮੁਲਕ ਦੀ ਜਾਨ ਮਾਲ ਤੇ ਪਤ ਆਬਰੂ ਤੇ ਧਰਮ ਦੀ ਰਾਖੀ ਲਈ ਹਰ ਉਪਾ ਕੀਤਾ। 1763 ਦੀ ਵਿਸਾਖੀ ਨੂੰ ਖਾਲਸਾ ਅੰਮ੍ਰਿਤਸਰ ਇਕੱਤਰ ਹੋਇਆ ਤਾਂ ਕਸੂਰ ਤੋਂ ਇਕ ਬ੍ਰਾਹਮਣ ਨੇ ਆ ਕੇ ਪੁਕਾਰ ਕੀਤੀ — ਨਵਾਬ ਉਸਮਾਨ ਖਾਂ ਨੇ ਜ਼ਬਰਦਸਤੀ ਮੇਰੀ ਬ੍ਰਾਹਮਣੀ ਆਪਣੀ ਮਹਿਲੀਂ ਪਾ ਲਈ ਹੈ, ਖਾਲਸਾ ਰੱਖਿਆ ਕਰੇ।

ਕਸੂਰ ਦੇ ਨਵਾਬ ਮਜ਼ਬੂਤ ਜੰਗੀ ਕਿਲਿਆਂ ਕਾਰਨ ਆਪਣੇ ਆਪ ਨੂੰ ਅਜਿਤ ਸਮਝਦੇ ਸਨ, ਪਰ ਸਿੱਖਾਂ ਦੇ ਸਾਹਮਣੇ ਗਰੀਬ ਬ੍ਰਾਹਮਣ ਦੀ ਪੁਕਾਰ ਸੀ। ਉਹ ਕਸੂਰ ਉਤੇ ਬਾਜ਼ਾਂ ਵਾਂਗ ਝਪਟ ਕੇ ਪਏ ਤੇ ਬ੍ਰਾਹਮਣੀ ਨੂੰ ਜ਼ਾਬਰ ਦੇ ਪੰਜੇ ਤੋਂ ਛੁੜਾ ਕੇ ਲਿਆਏ। ਇਸੇ ਤਰ੍ਹਾਂ ਜਲਾਲਾਬਾਦ ਲੁਹਾਰੀ ਦੇ ਨਵਾਬ ਨੇ ਕਈ ਹਿੰਦੂਆਂ ਦੀਆਂ ਬਹੂ-ਬੇਟੀਆਂ ਨੂੰ ਬੇ-ਪੱਤ ਕੀਤਾ।

ਜਦ ਦਲ ਖਾਲਸੇ ਦੇ ਸਿੱਖਾਂ ਨੂੰ ਪਤਾ ਲੱਗਾ ਕਿ ਇਹਨਾਂ ਲੜਕੀਆਂ ਨੂੰ ਤੇ ਸਭ ਨੂੰ ਆਪਣੇ ਵਲੋਂ ਦਾਜ-ਦਾਨ ਦੇਕੇ ਘਰੋਘਰੀਂ ਭੇਜਿਆ ਤੇ ਆਖਿਆ 'ਇਹ ਪੰਥ ਦੀਆਂ ਬੇਟੀਆਂ ਹਨ'।

ਅਹਿਮਦ ਸ਼ਾਹ ਅਬਦਾਲੀ ਮਥਰਾ ਤੋਂ ਵੀਹ ਹਜ਼ਾਰ ਹਿੰਦੂ ਲੜਕੇ ਲੜਕੀਆਂ ਗੁਲਾਮ ਬਣਾ ਕੇ ਕਾਬਲ ਵਲ ਲਈ ਜਾ ਰਿਹਾ ਸੀ, ਸਿੰਘਾਂ ਨੇ ਹਿੰਮਤ ਕਰਕੇ ਝਨਾਂ ਲਾਗੇ ਐਸਾ ਘੇਰਾ ਪਾ ਲਿਆ ਕਿ ਸਭ ਨੂੰ ਛੁੜਾਇਆ। ਇਵੇਂ ਹੀ ਇਕ ਵੇਰ ਰਾਜਾ ਅਮਰ ਸਿੰਘ ਵਾਲੀਏ ਪਟਿਆਲਾ ਨੇ ਬਿਆਸ ਦਰਿਆ ਲਾਗੇ 2200 ਹਿੰਦੂ ਲੜਕੇ ਲੜਕੀਆਂ ਨੂੰ ਛੁਡਾਇਆ ਤੇ ਬੰਦੀ ਛੋੜ ਦਾ ਰੁਤਬਾ ਪਾਇਆ। ਇਉਂ ਹਿੰਦਵੈਣ ਦੀ ਰਾਖੀ ਸਿੰਘਾਂ ਦਾ ਦਿਨ ਰਾਤ ਦਾ ਕਰਤੱਵ ਸੀ; ਕਿਉਂਕਿ ਰਾਜਪੂਤਾਂ ਤੇ ਮਰਾਠਿਆਂ ਦੀ ਤਲਵਾਰ ਨੂੰ ਜੰਗ ਲੱਗ ਚੁੱਕਾ ਸੀ। ਜਦ ਵੀ ਕਿਸੇ ਹਿੰਦੂ ਦੀ ਜ਼ਨਾਨੀ ਮੁਗਲਾਂ ਪਠਾਣਾਂ ਦੁਆਰਾ ਉਧਾਲੀ ਜਾਂਦੀ ਤਾਂ ਉਹ ਉੱਚੀ ਉੱਚੀ ਕੂਕ ਪੁਕਾਰ ਕੇ ਕਹਿੰਦਾ :—

ਮੋੜੀਂ ਬਾਬਾ ਕੱਛ ਵਾਲਿਆ
ਛਵੀ ਰੰਨ ਗਈ ਬਸਰੇ ਨੂੰ ਗਈ।

ਅੱਜ ਕੱਛਾਂ ਤੇ ਪੱਗ੍ਹ ਦਾੜ੍ਹੀ ਵਾਲਿਆਂ ਦੀ ਗੱਲ ਮਹਿਫਲਾਂ ਦਾ ਮਜ਼ਾਕ ਬਣੀ ਹੋਈ ਹੈ। ਦਿੱਲੀ ਸਿੱਖਾਂ ਬਾਰੇ ਹੁਣ ਕੀ ਕੀ ਕਰ ਰਹੀ ਹੈ। ਸਿੱਖਾਂ ਬਾਰੇ ਕਿਸ ਕਿਸਮ ਦੀਆਂ ਸਾਜ਼ਸ਼ਾਂ ਰਚ ਰਹੀ ਹੈ, ਇਕ ਦੁਖਦਾਈ ਬਿਰਤਾਂਤ ਹੈ, ਇਸ ਦੀ ਚਰਚਾ ਕਰਨਾ ਬੇ ਲੋੜਾ ਹੈ। ਸ਼ਾਇਰ ਦੀ ਜ਼ੁਬਾਨ ਵਿਚ ਅਸਲੀਅਤ ਹੈ —

ਜਿਨ੍ਹੇਂ ਕੋ ਹਾਰ ਸਮਝਾ ਥਾ, ਗਲਾ ਅਪਣਾ ਸਜਾਨੇ ਕੋ।
ਵੁਹ ਕਾਲੇ ਨਾਗ ਬਣ ਬੈਠੇ, ਮੇਰੇ ਹੀ ਕਾਟ ਖਾਣੇ ਕੋ।

ਅੱਜ ਦਾ ਪੰਜਾਬ ਨਿਆਂ ਤੇ ਹੱਕ, ਸੱਚ ਲਈ ਲੜ ਰਿਹਾ ਹੈ ਤੇ ਇਸ ਲੜਾਈ ਦੇ ਯੋਧੇ ਉਹੋ ਸਿੰਘ ਸੂਰਮੇ ਹਨ ਜੋ ਜਮਨਾ ਤੋਂ ਜਮਰੌਦ ਤਕ ਰਾਜ ਕਰਦੇ ਰਹੇ ਹਨ। ਉਹ ਚਾਹੁੰਦੇ ਹਨ —

(3)

1 - ਇਹ ਸੂਬਾ ਪੰਜਾਬੀ ਜ਼ੁਬਾਨ ਦੇ ਅਧਾਰ ਤੇ ਬਣਾਇਆ ਸੀ, ਜੋ ਜੋ ਪੰਜਾਬੀ ਬੋਲਦੇ ਇਲਾਕੇ ਕਿਸੇ ਸਾਜ਼ਸ਼ ਕਾਰਣ ਇਧਰ ਉਧਰ ਰਹਿ ਗਏ ਹਨ, ਉਨ੍ਹਾਂ ਨੂੰ ਨਾਲ ਮਲਾਇਆ ਜਾਵੇ।
2 — ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ, ਜੋ ਪੰਜਾਬੀ ਪਿੰਡ ਉਜਾੜ ਉਜਾੜ ਕੇ ਉਸਾਰੀ ਗਈ ਸੀ, ਇਹ ਸਾਨੂੰ ਬਿਨਾਂ ਕਿਸੇ ਸੌਦੇਬਾਜ਼ੀ ਦੇ ਵਾਪਸ ਦਿਤੀ ਜਾਵੇ।
3 — ਸਤਿਲੁਜ, ਬਿਆਸ ਰਾਵੀ ਇਹ ਸਾਡੇ ਦਰਿਆ ਹਨ। ਇਹਨਾਂ ਨੂੰ ਕੌਮੀ ਜਾਇਦਾਦ ਦੱਸ ਕੇ ਲੁੱਟ-ਖਸੁੱਟ ਨਾ ਕੀਤੀ ਜਾਵੇ, ਸਗੋਂ ਪੰਜਾਬ ਦੀਆਂ ਲੋੜਾਂ ਨੂੰ ਤਰਜੀਹ ਦਿਤੀ ਜਾਵੇ।
4 — ਭਾਖੜਾ ਡੈਮ ਤੇ ਹੋਰ ਹੈਡ ਵਰਕਸ ਪੰਜਾਬੀਆਂ ਦੇ ਲਹੂ ਪਸੀਨੇ ਉਸਾਰੇ ਹਨ, ਇਨ੍ਹਾਂ ਦਾ ਪ੍ਰਬੰਧ ਸਿੱਧਾ ਪੰਜਾਬ ਦੇ ਹਵਾਲੇ ਹੋਵੇ।
5 — ਪੰਜਾਬ ਭਾਰਤ ਦਾ ਅੰਨ ਭੰਡਾਰ ਹੈ, ਇਸ ਦੀ ਉਪਜ ਦੀ ਵਾਜਬ ਕੀਮਤ ਪਾਈ ਜਾਵੇ ਤਾਕਿ ਕਿਰਤੀ ਕਿਸਾਨਾਂ ਨੂੰ ਵਾਪਾਰੀ ਲੁੱਟ-ਖਸੁਟ ਦਾ ਸ਼ਿਕਾਰ ਨਾ ਹੋਣਾ ਪਵੇ।
6 — ਪੰਜਾਬ ਵਿਚ ਸਭ ਤੋਂ ਘਟ ਦਸਤਕਾਰੀ ਲੱਗੀ ਹੈ। ਦਿੱਲੀ ਸਰਕਾਰ ਇਸ ਵਿਚ ਰੋੜਾ ਨਾ ਅਟਕਾਵੇ ਸਗੋਂ ਬਾਕੀ ਸਟੇਟਾਂ ਵਾਂਗ ਵਧ ਤੋਂ ਵੱਧ ਮੌਕੇ ਬਣਾਵੇ।
7 — ਪੰਜਾਬ ਦੀ ਕਲਚਰ ਨਿਰਾਲੀ ਤੇ ਵਿਲੱਖਣ ਹੈ, ਇਸ ਦੀ ਸੁਰੱਖਿਆ ਦੀ ਗਰੰਟੀ ਦਿਤੀ ਜਾਵੇ ਅਤੇ ਇਸ ਨੂੰ ਕੌਮ-ਪ੍ਰਸਤੀ ਦੇ ਨਾਂ ਤੇ ਨਿਘਾਰਨ ਦਾ ਕੋਝਾ ਜਤਨ ਨਾ ਕੀਤਾ ਜਾਵੇ।

ਅੱਜ ਇਹ ਮਾਮਲਾ ਲੋਕ-ਕਚਹਿਰੀ ਵਿਚ ਪੇਸ਼ ਹੈ, ਕਿਸੇ ਲੋਕ ਰਾਜੀ ਸਰਕਾਰ ਲਈ ਲੋਕਾਂ ਦੀਆਂ ਉਮੰਗਾਂ ਦਾ ਖਿਆਲ ਰੱਖਣਾ ਜ਼ਰੂਰੀ ਹੈ, ਇਸ ਲਈ ਮੁਗਲਾਂ ਵਾਲੀ ਤਾਨਾ-ਸ਼ਾਹੀ ਤਿਆਗ ਕੇ ਹੀ ਗੁਜ਼ਾਰਾ ਹੋ ਸਕਦਾ ਹੈ। ਕੀ ਦਿੱਲੀ ਸਰਕਾਰ ਆਪਣਾ ਰਵੱਈਆ ਬਦਲੇਗੀ ਜਾਂ ਮੁਗਲ ਸਾਮਰਾਜ ਦੇ ਮਾਰੂ ਕੀਟਾਣੂ ਉਸ ਦੇ ਦਿਮਾਗ ਤੇ ਹਾਵੀ ਰਹਿਣਗੇ ? ਇਹ ਸਮਾਂ ਦੱਸੇਗਾ।

(4)

ਕਈ ਦਿੱਲੀ ਦਰਬਾਰ ਦੇ ਵਫਾਦਾਰ ਇਹਨਾਂ ਮੰਗਾਂ ਨੂੰ ਫਿਰਕੂ ਮੰਗਾਂ ਜਾਂ ਕੇਵਲ ਅਕਾਲੀ ਮੰਗਾਂ ਕਹਿ ਕੇ ਭੰਡਦੇ ਹਨ। ਪੰਜਾਬ ਦੀ ਕੌਮ ਪਰਸਤ ਵਿਜ਼ਾਰਤ ਨੂੰ ਚਾਹੀਦਾ ਹੈ ਕਿ ਉਹ ਇੱਕ ਇੱਕ ਮੰਗ ਦਾ ਖੁਲ੍ਹੇ ਤੌਰ ਦੇ ਵਿਰੋਧ ਕਰੇ ਜਾਂ ਫਿਰ ਸੈਂਟਰਲ ਸਰਕਾਰ ਦੀ ਪਰਵਾਹ ਨਾ ਕਰਕੇ ਇਹਨਾਂ ਦੀ ਐਲਾਨੀਆ ਪੁਸ਼ਟੀ ਕਰੇ। ਵਧੀਆ ਤਰੀਕਾ ਤਾਂ ਇਹਨਾਂ ਮੰਗਾਂ ਦੀ ਪੂਰਤੀ ਲਈ ਹੁਣ ਵਕਤ ਆਗਿਆ ਹੈ ਕਿ ਮੌਜੂਦਾ ਮੰਤਰੀ ਮੰਡਲ ਰੋਸ ਵਜੋਂ ਅਸਤੀਫੇ ਦੇਕੇ ਪਾਸੇ ਹੋ ਜਾਵੇ, ਅੱਗੇ ਦਿੱਲੀ ਜਾਣੇ ਤੇ ਅੰਮ੍ਰਿਤਸਰ ਜਾਣੇ।

(5)

ਕੁਝ ਬਹੁਤੇ ਸਿਆਣੇ ਇਹ ਰਾਏ ਦੇ ਰਹੇ ਹਨ ਕਿ ਸਿੱਖਾਂ ਨੂੰ ਮੇਨ ਸਟਰੀਮ ਅਰਥਾਤ ਹਿੰਦੂ ਰਾਸ਼ਟਰ ਦੀ ਧਾਰਾ ਨਾਲ ਚਲਣਾ ਚਾਹੀਦਾ ਹੈ, ਫਿਰ ਕੋਈ ਮਸਲਾ ਨਹੀਂ ਰਹੇਗਾ। ਪਰ ਇਹ ਇਕ ਔਖਾ ਕੰਮ ਹੈ, ਕਿਉਂਕਿ ਪੰਜਾਬੀ ਜ਼ੁਬਾਨ ਤੇ ਸਭਿਆਚਾਰ ਦੀ ਸਾਂਝ ਦੇ ਬਾਵਜੂਦ ਸਾਡੇ ਕੁਝ ਬੁਨਿਆਦੀ ਸਿਧਾਂਤਕ ਭੇਦ ਹਨ:—

1 — ਅਸੀਂ ਇਕ ਅਕਾਲ ਪੁਰਖ ਦੇ ਪੁਜਾਰੀ ਹਾਂ, ਤੇਤੀ ਕਰੋੜ ਦੇਵੀ ਦੇਵਤਿਆਂ ਨੂੰ ਧਿਆ ਨਹੀਂ ਸਕਦੇ।
2 — ਅਸੀਂ ਰਾਜੇ ਰਾਣੀਆਂ ਨੂੰ ਰੂਹਾਨੀ ਪੁਰਖ ਨਹੀਂ ਮੰਨ ਸਕਦੇ।
3 — ਅਸੀਂ ਮੂਰਤੀ ਪੂਜਾ ਯਾ ਬੁੱਤ ਪ੍ਰਸਤੀ ਨਹੀਂ ਕਰ ਸਕਦੇ।
4 — ਅਸੀਂ ਚੂੰਕਿ ਜ਼ਾਤ-ਪਾਤ ਨਹੀਂ ਮੰਨਦੇ ਇਸ ਕਰਕੇ ਵਰਣ ਆਸ਼ਰਮ ਮ੍ਰਯਾਦਾ ਭੀ ਨਹੀਂ ਨਿਭਾ ਸਕਦੇ।
5 — ਅਸੀਂ ਵਾਧੂ ਕਰਮ-ਕਾਂਡਾਂ ਵਿਚ ਵੀ ਯਕੀਨ ਨਹੀਂ ਰੱਖਦੇ।
6 — ਅਸੀਂ ਵੇਦ ਤੇ ਬ੍ਰਾਹਮਣ ਦੀ ਸਰਬੁਚਤਾ ਨਹੀਂ ਮੰਨਦੇ।
7 — ਅਸੀਂ ਦੁਨੀਆਂਦਾਰ ਹਾਂ, ਪਰ ਨਾਸਤਿਕ ਨਹੀਂ ਹੋ ਸਕਦੇ।
8 — ਅਸੀਂ ਕੇਸਾਂ ਦੀ ਬੇਅਦਬੀ ਨਹੀਂ ਕਰ ਸਕਦੇ।
9 — ਅਸੀਂ ਦਸਤਾਰ ਲਾਹ ਕੇ ਟੋਪੀ ਨਹੀਂ ਪਾ ਸਕਦੇ।
10 — ਅਸੀਂ ਸਿਗਰਟ ਨੋਸ਼ੀ ਨੂੰ ਫੈਸ਼ਨ ਬਣਾ ਕੇ ਨਹੀਂ ਅਪਣਾ ਸਕਦੇ।

ਹਿੰਦੁਸਤਾਨ ਸਾਡਾ ਪਿਆਰਾ ਦੇਸ਼ ਹੈ, ਇਸ ਦੀ ਏਕਤਾ ਤੇ ਸੁਤੰਤਰਤਾ ਦੇ ਅਸੀਂ ਮੁਦੱਈ ਹਾਂ ਤੇ ਇਸ ਲਈ ਦੂਜੀਆਂ ਕੌਮਾਂ ਨਾਲੋਂ ਵਧ ਕੁਰਬਾਨੀਆਂ ਵੀ ਕੀਤੀਆਂ ਹਨ। ਸਾਡੀਆਂ ਜਾਇਜ਼ ਮੰਗਾਂ ਨੂੰ ਖਟਾਈ ਵਿਚ ਪਾਉਣ ਲਈ ਸਾਨੂੰ ਦੇਸ਼ ਧਰੋਹੀ ਤੇ ਵਖਵਾਦੀ ਕਹਿ ਕੇ ਐਵੇਂ ਬੱਦੂ ਕੀਤਾ ਜਾ ਰਿਹਾ ਹੈ, ਪਰ ਇਹ ਕੁਟਿਲਨੀਤੀ ਬਹੁਤਾ ਚਿਰ ਨਹੀਂ ਚਲ ਸਕਦੀ, ਆਖਰ ਸਚਾਈ ਦੀ ਵਿਜਯ ਹੋਵੇਗੀ।

ਵਿਸ਼ੇਸ਼ ਅਦਾਲਤਾਂ ਦੇ ਜੱਜ ਨਿਯੁਕਤ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ 40 ਹੋਰ ਗੁਰਦੁਆਰਿਆਂ ਵਿਚ ਫੌਜੀ ਐਕਸ਼ਨ ਸਮੇਂ ਅਤੇ ਉਸਤੋਂ ਬਾਅਦ ਰਾਜ ਭਰ ਵਿਚ ਗ੍ਰਿਫਤਾਰ ਕੀਤੇ ਸਤ ਹਜ਼ਾਰ ਤੋਂ ਵੱਧ ਕਥਿਤ ਦਹਿਸ਼ਤਪਸੰਦਾਂ ਵਿਰੁਧ ਮੁਕਦਮੇ ਚਲਾਉਣ ਲਈ ਤਿੰਨ ਵਿਸ਼ੇਸ਼ ਅਦਾਲਤਾਂ ਦੇ ਜੱਜ ਨਿਯੁਕਤ ਕਰ ਦਿਤੇ ਹਨ ਅਤੇ ਹਾਈ ਕੋਰਟ ਦੇ ਚੀਫ ਜਸਟਿਸ ਦੀ ਸਲਾਹ ਨਾਲ ਉਨ੍ਹਾਂ ਨੂੰ ਤੁਰਤ ਅਦਾਲਤੀ ਕਾਰਵਾਈ ਕਰਨ ਲਈ ਕਿਹਾ ਹੈ।

ਸਰਕਾਰੀ ਨੋਟੀਫਿਕੇਸ਼ਨ ਅਨੁਸਾਰ ਵਿਸ਼ੇਸ਼ ਅਦਾਲਤ ਜਲੰਧਰ ਡਵੀਜ਼ਨ ਲਈ ਜ਼ਿਲਾ ਸੈਸ਼ਨ ਜੱਜ ਲੁਧਿਆਣਾ ਕੇ. ਐਸ. ਢੱਲਾ, ਫਿਰੋਜ਼ਪੁਰ ਡਵੀਜ਼ਨ ਲਈ ਸੈਸ਼ਨ ਜੱਜ, ਅੰਮ੍ਰਿਤਸਰ ਦੇ ਐਮ. ਐਲ. ਮਲਹੋਤਰਾ ਅਤੇ ਪਟਿਆਲਾ ਡਵੀਜ਼ਨ ਲਈ ਜ਼ਿਲਾ ਸੈਸ਼ਨ ਜੱਜ (ਵਿਜੀਲੈਂਸ) ਪੰਜਾਬ ਏ. ਐਲ. ਬਾਹਰੀ ਨਿਯੁਕਤ ਕੀਤੇ ਗਏ ਹਨ। ਇਨ੍ਹਾਂ ਦੀ ਨਿਯੁਕਤੀ ਵਿਅਕਤੀ ਪੀੜਤ ਖੇਤਰ (ਵਿਸ਼ੇਸ਼ ਅਦਾਲਤਾਂ) ਆਰਡੀਨੈਂਸ 1984 ਅਧੀਨ ਕੀਤੀ ਗਈ ਹੈ ਜੋ ਰਾਸ਼ਟਰਪਤੀ ਨੇ 14 ਜੁਲਾਈ ਨੂੰ ਜਾਰੀ ਕੀਤਾ ਸੀ ਅਤੇ ਤੁਰਤ ਲਾਗੂ ਹੋ ਗਿਆ ਸੀ।

ਇਹ ਵਿਸ਼ੇਸ਼ ਅਦਾਲਤਾਂ ਕਥਿਤ ਵਿਅਕਤੀਆਂ ਦੇ ਕੇਸਾਂ ਦੀ ਸੁਣਵਾਈ ਬੰਦ ਕਮਰੇ ਵਿਚ ਕਰਨਗੀਆਂ ਜਿਸ ਨੂੰ ਪੱਤਰਕਾਰ ਅਤੇ ਲੋਕ ਨਹੀਂ ਸੁਣ ਸਕਣਗੇ।

ਪੰਜਾਬ ਸਰਕਾਰ ਨੇ ਗ੍ਰਿਫਤਾਰ ਵਿਅਕਤੀਆਂ ਦੇ ਕੇਸਾਂ ਦੀ ਪੜਤਾਲ ਕਰਨ ਅਤੇ ਅੰਤਮ ਰੂਪ ਦੇਣ ਲਈ ਤਿੰਨ ਉਚ ਅਧਿਕਾਰੀ ਲਾਏ ਹਨ ਜਿਨ੍ਹਾਂ ਵਿਚ ਇਕ ਫੌਜੀ ਕਮਾਂਡਰ ਅਤੇ ਦੋ ਉਚ ਪੁਲਸ ਅਧਿਕਾਰੀ ਸ਼ਾਮਲ ਹਨ। ਇਕ ਵਿਸ਼ੇਸ਼ ਪੁਲੀਸ ਅਧਿਕਾਰੀ ਉਨ੍ਹਾਂ ਕੇਸਾਂ ਦੀ ਪੁਣਛਾਣ ਕਰ ਰਿਹਾ ਹੈ ਜੋ ਜ਼ਿਲਾ ਮੈਜਿਸਟਰੇਟਾਂ ਨੇ ਕੌਮੀ ਸੁਰਖਿਆ ਐਕਟ ਅਧੀਨ ਬਣਾਏ ਹਨ। ਇਹ ਕੇਸ ਅਗਲੇ ਮਹੀਨੇ ਸਲਾਹਕਾਰੀ ਬੋਰਡ ਦੇ ਪੇਸ਼ ਕੀਤੇ ਜਾਣਗੇ।

ਸੱਤ ਹਜ਼ਾਰ ਤੋਂ ਵੱਧ ਵਿਅਕਤੀਆਂ ਉਤੇ ਜੋ ਦੋਸ਼ ਹਨ, ਉਨ੍ਹਾਂ ਵਿਚ ਸਰਕਾਰ ਵਿਰੁਧ ਜਹਾਦ ਕਰਕੇ ਲੋਕਾਂ ਨੂੰ ਬਗਾਵਤ ਲਈ ਭੜਕਾਉਣ, ਵੱਖ ਵੱਖ ਵਰਗਾਂ ਵਿਚਾਲੇ ਸਮਾਜਕ ਅਤੇ ਵਿਰੋਧ ਵਧਾਉਣ ਪੈਦਾ ਕਰਨ ਲਈ ਦੇਸ਼ ਦੀ ਅਖੰਡਤਾ ਭੰਗ ਕਰਨ, ਅਤੇ ਰੂਪ ਉਤੇ ਰਾਜ ਵਿਚ ਕਤਲ, ਡਾਕੇ, ਬੰਬ ਸੁਟਣ ਅਤੇ ਤੋੜ ਫੋੜ ਕਰਨ ਦੇ ਦੋਸ਼ ਸ਼ਾਮਲ ਹਨ ਅਤੇ ਇਨ੍ਹਾਂ ਦਾਂ ਬਾਰੇ ਭਾਰੀ ਸਜ਼ਾਵਾਂ ਦੇਣ ਦੇ ਅਧਿਕਾਰ ਇਨ੍ਹਾਂ ਅਦਾਲਤਾਂ ਨੂੰ ਦੇ ਦਿਤੇ ਗਏ ਹਨ ਅਤੇ ਜਿਨ੍ਹਾਂ ਵਿਚ ਕਾਤਲਾਂ ਨੂੰ ਫਾਂਸੀ ਦੇਣ ਅਤੇ ਬਾਕੀਆਂ ਨੂੰ ਉਮਰ ਕੈਦ ਸਜ਼ਾ ਦਿਤੀ ਜਾ ਸਕੇਗੀ।

ਗੁਰਦੁਆਰਿਆਂ ਤੇ ਫੌਜੀ ਕਬਜ਼ੇ ਵਿਰੁਧ ਸੁਪਰੀਮ ਕੋਰਟ ਵਿਚ ਸੁਣਵਾਈ

ਨਵੀਂ ਦਿੱਲੀ —(ਯੂ. ਐਨ. ਆਈ)- ਸਰਕਾਰ ਦਰਬਾਰ ਸਾਹਿਬ ਕੰਪਲੈਕਸ ਵਿਚ ਇਮਾਰਤਾਂ ਦੀ ਮੁਰੰਮਤ ਦਾ ਕੰਮ ਸਮੁਚੇ ਤੌਰ, ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਲਈ ਸੌਂਪਣ ਵਾਸਤੇ ਤਿਆਰ ਨਹੀਂ ਕਿਉਂਕਿ ਇਸ ਨੇ ਸਿੱਖ ਵਿਅਕਤੀਆਂ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਅੱਡੇ ਬਨਾਉਣ ਦੀ ਆਗਿਆ ਦਿਤੀ। ਇਹ ਗੱਲ ਕੇਂਦਰ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਸ. ਭੁਪਿੰਦਰ ਸਿੰਘ ਐਡਵੋਕੇਟ ਵਲੋਂ ਦਾਇਰ ਕੀਤੀ ਉਸ ਰਟ ਪਟੀਸ਼ਨ ਦੇ ਜਵਾਬ'ਚ ਇਕ ਹਲਫਨਾਮੇ ਵਿਚ ਕਹੀ ਗਈ ਹੈ ਜਿਸ ਰਾਹੀਂ ਮੰਗ ਕੀਤੀ ਗਈ ਸੀ ਕਿ ਦਰਬਾਰ ਸਾਹਿਬ ਕੰਪਲੈਕਸ 'ਚ ਕਾਰ ਸੇਵਾ ਦਾ ਕੰਮ ਕਰਨ ਲਈ ਕੰਪਲੈਕਸ 'ਚੋਂ ਫੌਜ ਵਾਪਸ ਬੁਲਾਈ ਜਾਏ।

ਸਰਕਾਰ ਨੇ ਹਲਫਨਾਮੇ ਰਾਹੀਂ ਇਸ ਗੱਲ ਦਾ ਖੰਡਨ ਕੀਤਾ ਕਿ ਸਰਕਾਰ ਤੇ ਫੌਜ ਨੇ ਪੰਜਾਬ ਵਿਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਲਿਆ ਹੈ। ਕੇਂਦਰ ਸਰਕਾਰ ਨੇ ਕਿਹਾ ਕਿ ਨਾ ਤਾਂ ਸਰਕਾਰ ਅਤੇ ਨਾ ਹੀ ਫੌਜ ਦਾ ਗੁਰਦੁਆਰਿਆਂ ਉਤੇ ਕਬਜ਼ਾ ਹੈ ਅਤੇ ਨਾ ਹੀ ਕਿਸੇ ਸਿੱਖ ਨੂੰ ਕਾਰ ਸੇਵਾ ਤੋਂ ਰੋਕਿਆ ਗਿਆ ਹੈ ਸਗੋਂ ਇਸ ਵਿਚ ਵੱਡੀ ਗਿਣਤੀ ਵਿਚ ਹਿੰਦੂ ਸਿੱਖ ਸ਼ਾਮਲ ਹੋ ਰਹੇ ਹਨ।

ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਗਿਆਨੀ ਉਜਾਗਰ ਸਿੰਘ ਸੰਧੂ ਅਤੇ ਸ. ਭੁਪਿੰਦਰ ਸਿੰਘ ਨੇ ਇਕ ਰਿੱਟ ਪਟੀਸ਼ਨ ਵਿਚ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਐਕਟ ਅਧੀਨ ਅਤੇ ਸੰਵਿਧਾਨ ਦੀ ਧਾਰਾ 26 ਅਨੁਸਾਰ ਸਰਕਾਰ ਨੂੰ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੇ ਮੁਰੰਮਤ ਦੇ ਕੰਮ ਦਾ ਕੋਈ ਅਧਿਕਾਰ ਨਹੀਂ ਅਤੇ ਸਿੱਖ ਸਿਧਾਂਤਾਂ ਅਨੁਸਾਰ ਇਹ ਕੰਮ 'ਸੰਗਤ' ਹੀ ਕਰਦੀ ਹੈ। ਚੀਫ ਜਸਟਿਸ ਸ੍ਰੀ ਚੰਦਰਚੂੜ, ਸ੍ਰੀ ਤੁਲਜ਼ਾਪੁਰਕਾਰ ਅਤੇ ਸ੍ਰੀ ਐਮ. ਪੀ. ਠਾਕੁਰ ਅਤੇ ਸ੍ਰੀ ਆਰ. ਐਸ. ਪਾਠਕ ਉਤੇ ਅਧਾਰਿਤ ਬੈਂਚ ਨੇ ਕੇਸ ਦੀ ਸੁਣਵਾਈ ਕੀਤੀ।

ਜਿਉਂ ਹੀ ਕਾਰਵਾਈ ਸ਼ੁਰੂ ਹੋਈ, ਪਟੀਸ਼ਨਰਾਂ ਦੇ ਵਕੀਲ ਸ੍ਰੀ ਹਰਦੇਵ ਸਿੰਘ ਨੇ ਕੇਂਦਰ ਸਰਕਾਰ ਦੇ ਹਲਫਨਾਮੇ ਦਾ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ।

ਚੀਫ ਜਸਟਿਸ : ਤੁਸੀਂ ਸਾਡੇ ਕੋਲੋਂ ਕੀ ਉਮੀਦ ਰਖਦੇ ਹੋ। ਜੇ ਤੁਸੀਂ ਅਖਬਾਰਾਂ ਪੜ੍ਹੀਆਂ ਹੋਣ ਤਾਂ ਇਹ ਸਪਸ਼ਟ ਹੈ ਕਿ ਕਾਰ ਸੇਵਾ ਫੌਜ ਨਹੀਂ ਕਰ ਰਹੀ।

ਹਰਦੇਵ ਸਿੰਘ : ਇਹ ਸੰਵਿਧਾਨ ਦੀ ਧਾਰਾ 25 ਅਧੀਨ ਬੁਨਿਆਦੀ ਅਧਿਕਾਰਾਂ ਦੀ ਉਲੰਘਣਾਂ ਹੈ ਅਤੇ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇ ਰਹੀ ਹੈ।

ਚੀਫ ਜਸਟਿਸ : ਪਰਤੱਖ ਤੌਰ ਤੇ ਪਟੀਸ਼ਨ ਵਿਚ ਇਸ ਦਾ ਕੋਈ ਆਧਾਰ ਨਜ਼ਰ ਨਹੀਂ ਆਉਂਦਾ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਡਿਪਟੀ ਸੈਕਟਰੀ ਸੰਦੀਪ ਖੰਨਾ ਵਲੋਂ ਦਾਇਰ ਹਲਫਨਾਮੇ ਵਿਚ ਇਸ ਗੱਲ ਦਾ ਵੀ ਖੰਡਨ ਕੀਤਾ ਗਿਆ ਕਿ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਇਮਾਰਤਾਂ ਦੀ ਮੁਰੰਮਤ ਲਈ ਕੋਈ ਹੁਕਮ ਕੀਤਾ ਹੈ।

ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਕਾਰ ਸੇਵਾ ਸਿਰਫ ਸਿੱਖਾਂ ਤੱਕ ਹੀ ਸੀਮਤ ਨਹੀਂ ਸਗੋਂ ਇਸ ਵਿਚ ਦੂਜੇ ਧਰਮਾਂ ਦੇ ਲੋਕ ਵੀ ਸ਼ਾਮਲ ਹੋ ਸਕਦੇ ਹਨ। ਇਸ ਲਈ ਸੰਵਿਧਾਨ ਦੀ ਧਾਰਹ 26 ਦੀ ਉਲੰਘਣਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹਲਫਨਾਮੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਨੇ 14 ਜੂਨ ਤੋਂ 15 ਜੁਲਾਈ ਦਰਮਿਆਨ ਸ਼੍ਰੋਮਣੀ ਕਮੇਟੀ ਦੇ ਨੇਤਾਵਾਂ ਨਾਲ ਕਾਰ ਸੇਵਾ ਦੀ ਪੇਸ਼ਕਸ਼ ਕੀਤੀ ਸੀ ਪਰ ਇਹ ਰੱਦ ਕਰ ਦਿਤੀ ਗਈ ਅਤੇ ਸਿੱਖ ਨੇਤਾਵਾਂ ਨੇ ਇਹ ਸ਼ਰਤ ਰਖੀ ਕਿ ਸੁਰਿਖਆ ਦਲਾਂ ਨੂੰ ਵਾਪਸ ਬੁਲਾਇਆ ਜਾਏ।

ਉਮਰ ਬੀਤੀ ਦਿਲ ਦਿਆਂ ਚੋਰਾਂ ਤੋਂ ਬਚ ਕੇ ਰਹਿੰਦਿਆਂ।
ਏਧਰ ਕੰਗਾਲ ਕਰ ਗਏ ਜੇਬਾਂ ਦੇ ਆਦੀ ਚੋਰ।



ਪ੍ਰੀਖਿਆਵਾਂ ਪੁਰ ਅਮਨ ਚਲ ਰਹੀਆਂ ਹਨ

ਚੰਡੀਗੜ੍ਹ — ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਕਰੜੇ ਸੁਰਖਿਆ ਪ੍ਰਬੰਧ ਹੇਠ ਦੂਜੇ ਦਿਨ ਵੀ ਸ਼ਾਂਤੀ ਪੂਰਬਕ ਹੋਈਆਂ ਅਤੇ 480 ਪ੍ਰੀਖਿਆ ਕੇਂਦਰਾਂ ਵਿਚੋਂ ਕਿਸੇ ਵੀ ਕੇਂਦਰ ਤੋਂ ਅਣਸੁਖਾਵੀ ਘਟਨਾ ਦੀ ਇਤਲਾਹ ਨਹੀਂ ਆਈ।

ਉਚ ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਇਨ੍ਹਾਂ ਨਾਲ ਸਬੰਧਤ ਕਾਲਜਾਂ ਵਿਚ ਸੁਰਖਿਆ ਪ੍ਰਬੰਧ ਸਖਤ ਸਨ ਅਤੇ ਸਟਾਫ ਅਤੇ ਵਿਦਿਆਰਥੀਆਂ ਦੀ ਸ਼ਨਾਖਤੀ ਕਾਰਡ ਚੈਕ ਕਰਕੇ ਅਤੇ ਤਲਾਸ਼ੀ ਲੈ ਕੇ ਪ੍ਰੀਖਿਆ ਕੇਂਦਰਾਂ ਦੇ ਅੰਦਰ ਜਾਣ ਦਿਤਾ ਗਿਆ। ਹਥਿਆਰ ਬੰਦ ਫੌਜੀ ਟੁਕੜੀਆਂ ਦੀ ਗਸ਼ਤ ਜਾਰੀ ਰਹੀ ਹੈ।

ਪੰਜਾਬ ਸਰਕਾਰ ਨੇ ਸਿੱਖ ਪ੍ਰੀਖਿਅਕਾਂ ਨੂੰਗ ਪ੍ਰੀਖਿਆ ਕੇਂਦਰਾਂ ਦੇ ਅੰਦਰ ਛੇ ਇੰਚ ਦੀ ਕਿਰਪਾਨ ਲੈ ਜਾਣ ਦੀ ਆਗਿਆ ਦੇ ਦਿਤੀ ਹੈ ਅਤੇ ਇਸ ਸਬੰਧ ਵਿਚ ਇਕ ਇੰਚ ਤੋਂ ਵੱਡੀ ਕਿਰਪਾਨ ਅੰਦਰ ਨਾ ਲੈ ਜਾਣ ਦੀ ਜੋ ਰੋਕ ਲਾਈ ਸੀ ਉਹ ਖਤਮ ਕਰ ਦਿਤੀ ਹੈ।

ਗੁਰਦਾਸਪੁਰ ਤੋਂ ਸਾਡੇ ਪੱਤਰ ਪਰੇਰਕ ਅਨੁਸਾਰ ਗੁਰਦਾਸਪੁਰ, ਕਾਦੀਆਂ ਅਤੇ ਪਠਾਨਕੋਟ ਵਿਚ ਵੱਖ ਵੱਖ ਪੋਲੀਟੈਕਨਿਕ ਕਾਲਜਾਂ ਚੋਂ ਪ੍ਰੀਖਿਆਵਾਂ ਸ਼ਾਂਤੀ ਪੂਰਨ ਹੋਈਆਂ ਅਤੇ ਹਾਜ਼ਰੀ ਪੂਰੀ ਸੀ।

ਹੈਦਰਾਬਾਦ ਵਿਚ ਕਰਫਿਊ

ਹੈਦਰਾਬਾਦ — ਫਿਰਕਾਪ੍ਰਸਤੀ ਦੀਆਂ ਤਾਜ਼ੀਆਂ ਘਟਨਾਵਾਂ ਕਾਰਨ ਪੁਰਾਣੇ ਸ਼ਹਿਰ 'ਚ ਸ਼ਾਮ ਤੋਂ ਅਣਮਿਥੇ ਸਮੇਂ ਲਈ ਕਰਫਿਊ ਲਗਾ ਦਿਤਾ ਗਿਆ ਹੈ। ਉਸਮਾਨੀਆ ਜਨਰਲ ਹਸਪਤਾਲ ਦੇ ਸੂਤਰਾਂ ਅਨੁਸਾਰ 19 ਵਿਅਕਤੀਆਂ ਦੇ ਛੁਰੇ ਵੱਜਣ ਦੇ ਜ਼ਖਮ ਹਨ ਜਿਨ੍ਹਾਂ ਨੂੰ ਹਸਪਤਾਲ ਲਿਆਂਦਾ ਗਿਆ ਹੈ।

ਕੈਨੇਡਾ ਵਿਚ ਭਾਰਤੀ ਫਿਲਮਾਂ ਦਾ ਮੇਲਾ

ਮਾਂਟਰੀਅਲ, ਟਰਾਂਟੋ, ਐਡਮਿੰਟਨ, ਵੈਨਕੂਵਰ ਅਤੇ ਅਟਵਾ ਵਿਚ ਭਾਰਤੀ ਫਿਲਮਾਂ ਦਾ ਡੈਲੀਗੇਸ਼ਨ ਆ ਰਿਹਾ ਹੈ ਜਿਸ ਵਿਚ ਪ੍ਰਸਿੱਧ ਐਕਟਰਸ ਸ਼ਬਾਨਾ ਆਜ਼ਮੀ, ਸਮੀਤਾ ਪਾਟਿਲ, ਸਮਿਤਰਾ ਚੈਟਰਜੀ ਅਤੇ ਸ਼ਸ਼ੀ ਕਪੂਰ ਹੋਣਗੇ। ਫਿਲਮ ਡਰੈਕਟਰ ਸ਼ਿਆਮ ਬਿਨੇਗਲ, ਅਪਰਨਾਸੇਨ ਅਤੇ ਜੀ. ਆਰਵਿੰਦਨ ਅਤੇ ਫਿਲਮ ਆਲੋਚਕ ਅਰੁਨ ਖੰਨਾ ਵੀ ਸ਼ਾਮਲ ਹੋਣਗੇ। ਅਟਵਾ ਵਿਚ ਇਹ ਮੇਲਾ 9 ਤੋਂ 15 ਅਗਸਤ ਤੱਕ ਹੋਵੇਗਾ। ਹਰ ਰੋਜ਼ ਦੋ ਸ਼ੋਅ 6 ਅਤੇ 8 ਵਜੇ ਹੋਇਆ ਕਰਨਗੇ। ਉਪਰੋਕਤ ਡੈਲੀਗੇਸ਼ਨ ਅਟਵਾ ਵਿਚ 14 ਅਤੇ 15 ਅਗਸਤ ਨੂੰ ਰਹੇਗਾ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ---------------------------
ਪੁਰਾਣਾ ਪਤਾ------------------------------

ਨਵਾਂ ਪਤਾ ਸਟਰੀਟ/ਐਵੇਨਿਊ-------------
ਟਾਊਨ-----------------------------------
ਸਟੇਟ-------------------------------------
ਪੋਸਟਲ ਕੋਡ-----------------------------
ਫੋਨ ਨੰਬਰ-------------------------------

ਹਿੰਦੂ-ਸਿੱਖ ਏਕਤਾ ਕਾਇਮ ਰੱਖਣ 'ਤੇ ਜ਼ੋਰ

ਫਿਰੋਜ਼ਪੁਰ — ਪੰਜਾਬ ਵਰਗੇ ਸਰਹੱਦੀ ਸੂਬੇ ਵਿਚ ਹਿੰਦੂ-ਸਿੱਖ ਏਕਤਾ ਹਰ ਕੀਮਤ ਉਤੇ ਕਾਇਮ ਰਹਿਣੀ ਚਾਹੀਦੀ ਹੈ। ਇਸ ਰਾਜ ਵਿਚ ਗੜਬੜ ਨਾਲ ਭਾਰਤ ਦੀ ਏਕਤਾ ਉਤੇ ਮਾੜਾ ਅਸਰ ਪਵੇਗਾ। ਇਹ ਜਾਣਕਾਰੀ ਪੰਜਾਬ ਜਨਤਾ ਪਾਰਟੀ ਦੇ ਪ੍ਰਧਾਨ ਹਰਭਜਨ ਸਿੰਘ ਨੇ ਦਿਤੀ।

ਉਨ੍ਹਾਂ ਮੰਗ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਫੌਜ ਵਾਪਸ ਬੁਲਾ ਲੈਣੀ ਚਾਹੀਦੀ ਹੈ ਅਤੇ ਉਥੇ ਪੂਜਾ ਕਰਨ ਦੀ ਬਿਨਾਂ ਕਿਸੇ ਦਖਲ ਦੇ ਖੁਲ੍ਹ ਹੋਣੀ ਚਾਹੀਦੀ ਹੈ। ਜਨਤਾ ਆਗੂ ਨੇ ਨਹਿਰ ਟੁੱਟਣ ਦੇ ਮਾਮਲੇ ਦੀ ਪੜਤਾਲ ਦੀ ਮੰਗ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਆ ਰਹੀਆਂ ਲੋਕ ਸਭਾ ਚੋਣਾਂ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਰਾਈਆਂ ਜਾਣ।

ਗੁ: ਨਾ: ਦੇ: ਵਰਸਿਟੀ ਸੈਨੇਟ ਤੇ ਸਿੰਡੀਕੇਟ ਲਈ ਨਾਮਜ਼ਦਗੀਆਂ

ਅੰਮ੍ਰਿਤਸਰ — ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸੈਨੇਟ 'ਤੇ ਜਨਰਲ ਗੁਰਚਰਨ ਸਿੰਘ, ਬ੍ਰਿਗੇਡੀਅਰ ਕੇ. ਕੇ. ਮਲਹੋਤਰਾ, ਸ੍ਰੀ ਰਾਮ ਲਾਲ ਚਿੱਟੀ ਤੇ ਪ੍ਰੋਫੈਸਰ ਦਰਬਾਰੀ ਲਾਲ ਨੂੰ ਦੋ ਸਾਲ ਲਈ ਫੈਲੋ ਨਾਮਜ਼ਦ ਕੀਤਾ।

ਇਕ ਹੋਰ ਨੋਟੀਫੀਕੇਸ਼ਨ ਰਾਹੀਂ ਪੰਜਾਬ ਐਡਵੋਕੇਟ ਜਨਰਲ ਸ੍ਰੀ ਭਗਵੰਤ ਸਿੰਘ ਸੰਧੂ ਨੂੰ ਸੈਨੇਟ ਦਾ ਐਕਸਆਫਸ ਫੈਲੋ ਨਾਮਜ਼ਦ ਕੀਤਾ ਗਿਆ ਹੈ।

ਪੰਜਾਬ ਦੇ ਰਾਜਪਾਲ ਕੇ. ਟੀ. ਸਤਾਰਾਵਾਲਾ, ਨੇ ਯੂਨੀਵਰਸਿਟੀ ਦਾ ਚਾਂਸਲਰ ਹੋਣ ਦੀ ਹੈਸੀਅਤ ਵਿਚ ਗੁਰੂ ਨਵ ਭਾਰਤ ਕਾਲਜ ਨਰੂੜ ਪਾਂਛਟ ਦੇ ਪ੍ਰਿੰਸੀਪਲ ਕਸ਼ਮੀਰਾ ਸਿੰਘ ਗਿੱਲ ਤੇ ਵਿਧਾਇਕ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਨੂੰ ਇਕ ਸਾਲ ਲਈ ਇਸੇ ਯੂਨੀਵਰਸਿਟੀ ਦੀ ਸਿੰਡੀਕੇਟ ਦਾ ਮੈਂਬਰ ਨਾਮਜ਼ਦ ਕੀਤਾ ਹੈ।

ਕਸਮ ਉਮਰ ਖਿਆਮ ਦੀ ਖਾ ਕੇ ਮੈਂ ਆਖਦਾਂ।
ਪੀ ਲਈ ਸੋ ਪੀ ਲਈ ਪੀਣੀ ਨਹੀਂ ਹੁਣ ਹੋਰ।

ਸਿਤਾਰਿਆਂ ਨਾਲ ਭਰਿਆ 'ਲਾਈਵ' ਸ਼ੋਅ

ਨਾਜ਼ੀਆ ਅਤੇ ਜ਼ੁਹੇਬ ਹਸਨ

ਇਸ ਸਦੀ ਦਾ ਬੇਹਤਰੀਨ ਸ਼ੋਅ ਸਾਰੇ ਨਵੇਂ ਸਟਾਰ ਪਹਿਲੀ ਵਾਰ ਆ ਰਹੇ ਹਨ



Sensational Star
RAJ BABBAR



Ravishing
ANITA RAJ



SMITA PATIL

ਸੁਪਰ ਸਟਾਰ

ਰਾਜ ਬੱਬਰ

ਚੋਟੀ ਦੀ ਕਲਾਕਾਰ

ਸਮੀਤਾ ਪਾਟਿਲ

ਪੌਪ ਕੁਈਨ

ਨਾਜ਼ੀਆ ਹਸਨ

ਪੌਪ ਕਿੰਗ


ਜ਼ੁਹੇਬ ਹਸਨ

'ਸੌਤਨ' ਵਰਗੀਆਂ ਮਸ਼ਹੂਰ ਫ਼ਿਲਮਾਂ ਦੀ ਮਿਊਜ਼ਿਕ ਡਾਇਰੈਕਟਰ

ਊਸ਼ਾ ਖੰਨਾ ਤੇ ਆਰਕੈਸਟਰਾ

ਹੋਰ ਵੀ ਮਸ਼ਹੂਰ ਫ਼ਿਲਮ ਗੀਤਕਾਰ ਹਸਾ ਹਸਾ ਢਿੱਡੀ ਪੀੜਾਂ ਪਾ ਦੇਣ ਵਾਲੇ ਕਲਾਕਾਰ ਭਾਰਤੀ, ਬ੍ਰਤਾਨਵੀ ਅਤੇ ਪਾਕਿਸਤਾਨੀ ਸੰਗੀਤਕਾਰ

ਸ਼ੋਅ 30 ਸਤੰਬਰ, 1984 ਨੂੰ ਵੈਨਕੂਵਰ ਪੀ. ਐਨ. ਈ. ਕੌਲਸੀਅਮ ਵਿਚ ਹੋਵੇਗਾ



Magnificent Pop Singers
NAZIA & ZOHEB HASSAN



'Dulhan' Girl
RAMESHWARI

ਕੈਲਗਰੀ ਵਿਚ — 5 ਅਕਤੂਬਰ, 1984
ਐਡਮਿੰਟਨ ਵਿਚ — 6 ਅਕਤੂਬਰ, 1984
ਵਿਨੀਪੈਗ ਵਿਚ — 7 ਅਕਤੂਬਰ, 1984

Show Available For Fiji

Contact :
Gemline Enterprises
Ph. 525-9019

Worldwide Promoter:
RAPHAEL ANTHONY
C/o India Impact
P.O.BOX 6161
GLENDALE, Ca. 91205
Tel:(213)466-7126

Watch for tickets Sales
Gemline Enterprises
441, Columbia St.
New Westminster, B.C.

(ਨੋਟ : ਸਮੀਤਾ ਪਾਟਿਲ ਅਤੇ ਰਾਜ ਬੱਬਰ ਕੇਵਲ ਵੈਨਕੂਵਰ ਵਾਲੇ ਸ਼ੋਅ ਵਿਚ ਆ ਰਹੇ ਹਨ)

ਅਖਬਾਰਾਂ 'ਤੇ ਸੈਂਸਰਸ਼ਿਪ ਨੂੰ ਹਾਈਕੋਰਟ ਵਿਚ ਚੁਣੌਤੀ

ਚੰਡੀਗੜ੍ਹ — ਜਲੰਧਰ ਤੋਂ ਛਪਦੇ ਰੋਜ਼ਾਨਾ 'ਅਕਾਲੀ ਪਤਰਿਕਾ' ਦੇ ਸਟਾਫ ਰਿਪੋਰਟਰ ਸ੍ਰੀ ਸੁਰਿੰਦਰ ਸਿੰਘ ਬਾਜਵਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪੰਜਾਬ ਸਰਕਾਰ ਵਲੋਂ ਜਲੰਧਰ ਦੇ ਅਖਬਾਰਾਂ ਦੇ ਸਮੁਚੇ ਤੌਰ 'ਤੇ ਵਿਸ਼ੇਸ਼ ਕਰਕੇ ਅਕਾਲੀ ਪਤਰਿਕਾ ਤੇ ਲਾਈ ਸੈਂਸਰਸ਼ਿਪ ਦੇ ਫੈਸਲੇ ਨੂੰ ਚੁਣੌਤੀ ਦਿਤੀ ਹੈ।

ਐਕਟਿੰਗ ਚੀਫ ਜਸਟਿਸ ਸ੍ਰੀ ਪੀ. ਸੀ. ਜੈਨ ਅਤੇ ਸ੍ਰੀ ਜਸਟਿਸ ਐਸ. ਐਸ. ਕੰਗ ਉਤੇ ਅਧਾਰਿਤ ਬੈਂਚ ਨੇ ਪੰਜਾਬ ਸਰਕਾਰ ਨੂੰ 31 ਜੁਲਾਈ ਲਈ ਨੋਟਿਸ ਆਫ ਮੋਸ਼ਨ ਜਾਰੀ ਕੀਤਾ ਹੈ।

ਪਟੀਸ਼ਨਰ ਨੇ ਦਲੀਲ ਦਿਤੀ ਕਿ ਪੰਜਾਬ ਤੇ ਕੇਂਦਰੀ ਸ਼ਾਸਤ ਰਾਜ ਚੰਡੀਗੜ੍ਹ ਉਤੇ ਪੰਜਾਬ ਦੇ ਰਾਜਪਾਲ ਦਾ ਰਾਜ ਹੈ ਅਤੇ ਇਸ ਲਈ ਦੋਵਾਂ ਉਤੇ ਇਕੋ ਜਿਹੀਆਂ ਰੋਕਾਂ ਲਾਉਣੀਆਂ ਬਣਦੀਆਂ ਹਨ। ਪਰ ਪਟੀਸ਼ਨਰ ਨੇ ਕਿਹਾ ਕਿ ਚੰਡੀਗੜ੍ਹ ਦੇ ਮੁਕਾਬਲੇ ਜਲੰਧਰ ਦੇ ਅਖਬਾਰਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਸ੍ਰੀ ਬਾਜਵਾ ਨੇ ਕਿਹਾ ਕਿ ਚੰਡੀਗੜ੍ਹ ਤੋਂ ਛਪਣ ਵਾਲੇ ਅਖਬਾਰ ਪੰਜਾਬ ਦੇ ਸਾਰੇ ਜ਼ਿਲਿਆਂ ਦੀਆਂ ਖਬਰਾਂ ਬਗੈਰ ਕਿਸੇ ਰੋਕ ਟੋਕ ਤੋਂ ਲਾਉਂਦੇ ਹਨ। ਪਰ ਜਲੰਧਰ ਤੋਂ ਛਪਣ ਵਾਲੀਆਂ ਅਖਬਾਰਾਂ ਨੂੰ ਇਥੋਂ ਤਕ ਕਿ ਉਹ ਖਬਰਾਂ ਛਾਪਣ ਦੀ ਆਗਿਆ ਨਹੀਂ ਜੋ ਰੇਡੀਓ ਅਤੇ ਦੂਰਦਰਸ਼ਨ ਤੋਂ ਪ੍ਰਸਾਰਿਤ ਹੁੰਦੀਆਂ ਹਨ।

ਪਟੀਸ਼ਨਰ ਦੇ ਵਕੀਲ ਸ੍ਰੀ ਗੁਰਨਾਮ ਸਿੰਘ ਤੀਰ ਨੇ ਦਲੀਲ ਦਿਤੀ ਕਿ ਸੰਵਿਧਾਨ ਵਿਚ ਬਰਾਬਰੀ ਦਾ ਸਿਧਾਂਤ ਸਾਰੇ ਅਖਬਾਰਾਂ ਉਤੇ ਲਾਗੂ ਹੁੰਦਾ ਹੈ ਭਾਵੇਂ ਉਹ ਅਖਬਾਰ ਕਿਸ ਭਾਸ਼ਾ ਦਾ ਹੋਵੇ ਅਤੇ ਭਾਵੇਂ ਉਸ ਦੀ ਕਿਸ ਤਰ੍ਹਾਂ ਦੀ ਮੈਨੇਜਮੈਂਟ ਤੇ ਨੀਤੀਆਂ ਹੋਣ।

ਉਨ੍ਹਾਂ ਕਿਹਾ ਕਿ ਸਰਕਾਰ ਲਈ ਇਹ ਗੱਲ ਮੁਨਾਸਿਬ ਨਹੀਂ ਕਿ ਉਹ ਵਿਤਕਰਾ ਕਰਕੇ ਸੈਂਸਰਸ਼ਿਪ ਲਾਗੂ ਕਰੇ। ਸਾਰੇ ਅਖਬਾਰ ਗ੍ਰਹਿ ਮੰਤਰਾਲੇ ਅਤੇ ਪ੍ਰੈਸ ਕੌਂਸਲ ਆਫ ਇੰਡੀਆ ਅਗੇ ਜਵਾਬਦੇਹ ਹਨ। ਇਸ ਲਈ ਕਿਸੇ ਨਾਲ ਵੀ ਵਿਤਕਰਾ ਜਾਂ ਪਖਪਾਤ ਨਹੀਂ ਹੋਣਾ ਚਾਹੀਦਾ ਜਿਸ ਨਾਲ ਭੁਲੇਖੇ ਪੈਦਾ ਹੋਣ ਦੀ ਸੰਭਾਵਨਾ ਹੋਏ।

ਗ੍ਰਿਫਤਾਰ ਅਕਾਲੀਆਂ ਦਾ ਜੁਡੀਸ਼ਲ ਰੀਮਾਂਡ

ਅਮਲੋਹ — ਨਾਭਾ ਤੋਂ ਨਰਿੰਦਰ ਸਿੰਘ ਸਾਬਕਾ ਮੰਤਰੀ ਅਤੇ ਜਥੇਦਾਰ ਰਤਨ ਸਿੰਘ ਨੂੰ ਨਾਭਾ ਪੁਲਸ ਵਲੋਂ ਹਿਰਾਸਤ ਵਿਚ ਲੈਣ ਪਿਛੋਂ ਉਨ੍ਹਾਂ ਨੂੰ ਐਸ. ਡੀ. ਐਮ. ਨਾਭਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਨ੍ਹਾਂ ਉਨ੍ਹਾਂ ਨੂੰ ਰੀਮਾਂਡ ਦੇ ਕੇ ਜੁਡੀਸ਼ਲ ਜੇਲ ਭੇਜ ਦਿਤਾ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਜਿਲਾ ਸਕੱਤਰ ਪ੍ਰਮਜੀਤ ਸਿੰਘ ਸਰਾਓ, ਇਕਬਾਲ ਸਿੰਘ ਜਨਰਲ ਸਕੱਤਰ ਸਰਕਲ ਨਾਭਾ, ਚਰਨਜੀਤ ਸਿੰਘ ਵਿਰਕ ਸਰਕਲ ਸਕੱਤਰ ਅਤੇ ਗੁਰਿੰਦਰ ਸਿੰਘ ਸੋਢੀ ਨੂੰ ਵੀ ਜੁਡੀਸ਼ਲ ਜੇਲ ਵਿਚ ਭੇਜ ਦਿੱਤਾ ਗਿਆ।

ਬਸੰਤ ਸਿੰਘ ਖਾਲਸਾ ਗ੍ਰਿਫਤਾਰੀ ਤੋਂ ਬਚ ਨਿਕਲੇ

ਲੁਧਿਆਣਾ — ਇਥੇ ਅਕਾਲੀ ਦਲ ਦੀ ਐਡਹਾਕ ਕਮੇਟੀ ਦੀ ਮੀਟਿੰਗ ਸਮੇਂ ਅਕਾਲ ਐਮ. ਐਲ. ਏ. ਸਰਦਾਰ ਬਸੰਤ ਸਿੰਘ ਖਾਲਸਾ ਪੁਲਸ ਦੀ ਗ੍ਰਿਫਤਾਰੀ ਤੋਂ ਬਚ ਨਿਕਲੇ।

ਪਿੰਡ ਮਾਨਾਂਵਾਲੀ ਵਿਚ ਕਤਲ

ਫਗਵਾੜਾ — (ਪੀ. ਟੀ. ਆਈ.), ਇਥੋਂ ਪੰਜ ਕਿਲੋਮੀਟਰ ਦੂਰ ਪਿੰਡ ਮਾਨਾਂਵਾਲੀ ਵਿਚ ਕੁਝ ਅਣਪਛਾਤੇ ਬੰਦਿਆਂ ਨੇ ਸੋਹਣ ਸਿੰਘ ਨਾਂ ਦੇ ਵਿਅਕਤੀ ਨੂੰ ਹਲਾਕ ਕਰ ਦਿਤਾ।

ਪ੍ਰਾਪਤ ਸੂਚਨਾ ਅਨੁਸਾਰ ਉਹ ਖੇਤਾਂ ਵਿਚ ਝੋਨੇ ਨੂੰ ਪਾਣੀ ਲਾਉਣ ਗਿਆ ਸੀ ਕਿ ਉਸ ਉਪਰ ਹਮਲਾ ਕੀਤਾ ਗਿਆ। ਉਸਦੀ ਲਾਸ਼ ਸਵੇਰੇ ਖੂਹ ਵਿਚ ਤਰਦੀ ਮਿਲੀ।



ਸਨਿਚਰਵਾਰ ਨੂੰ ਅੰਮ੍ਰਿਤਸਰ 'ਚ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਅਦਾਲਤ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਦੇ ਪੇਸ਼ ਹੋਣ ਦੀ ਉਡੀਕ ਵਿਚ

"ਵਾਈਟ ਪੇਪਰ ਅਧੂਰਾ"

ਨਵੀਂ ਦਿੱਲੀ — ਗੁਸੇ ਨਾਲ ਭਰੀ ਪੀਤੀ ਵਿਰੋਧੀ ਧਿਰ ਨੇ ਰਾਜ ਸਭਾ ਵਿਚ ਪੰਜਾਬ ਬਾਰੇ ਵਾਈਟ ਪੇਪਰ ਉਤੇ ਬਹਿਸ ਸ਼ੁਰੂ ਕਰਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਵਿਰੋਧੀ ਮੈਂਬਰਾਂ ਨੇ ਮੰਗ ਕੀਤੀ ਕਿ ਗ੍ਰਹਿ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਸ੍ਰੀ ਪੀ. ਵੈਂਕਟਸੁਬਈਆ ਵਾਈਟ ਪੇਪਰ ਹਾਊਸ ਅੱਗੇ ਰੱਖਣ। ਜੰਮੂ ਅਤੇ ਕਸ਼ਮੀਰ ਦੇ ਮਾਮਲੇ ਨੂੰ ਲੈ ਕੇ ਤਕੜਾ ਹੰਗਾਮਾ ਹੋਇਆ।

ਵਿਰੋਧੀ ਮੈਂਬਰਾਂ ਨੇ ਜ਼ੋਰਦਾਰ ਢੰਗ ਨਾਲ ਦੋਸ਼ ਲਾਇਆ ਕਿ ਵਾਈਟ ਪੇਪਰ ਰਾਜ ਵਿਚ ਕੁਝ ਵਿਅਕਤੀਆਂ ਦੀ ਕਾਰਵਾਈ ਪਿਛੇ ਬਦੇਸ਼ੀ ਹੱਥ ਸਾਬਤ ਕਰਨ ਸਬੰਧੀ ਚੁੱਪ ਹੈ। ਇਸ ਵਿਚ ਸਚਾਈ ਵੀ ਅਧਪਚਧੀ ਅੰਕਤ ਕੀਤੀ ਗਈ ਹੈ। ਕੁਝ ਵਿਰੋਧੀ ਮੈਂਬਰਾਂ ਨੇ ਕਿਹਾ ਹੈ ਕਿ ਸਰਕਾਰ ਦੀ ਪੰਜਾਬ ਮਸਲੇ ਬਾਰੇ ਅਸਫਲਤਾ ਨੂੰ ਛਪਾਉਣ ਲਈ ਇਹ ਇਕ "ਅੱਖਾਂ ਪੂੰਝਣ" ਦੇ ਯਤਨ ਤੋਂ ਵੱਧ ਕੁਝ ਨਹੀਂ ਹੈ। ਇਨ੍ਹਾਂ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਵਾਈਟ ਪੇਪਰ ਨੂੰ ਪੂਰਾ ਕਰਨ ਲਈ ਇਕ ਸਪਲੀਮੈਂਟ ਜਾਰੀ ਕੀਤਾ ਜਾਵੇ।

ਵਿਰੋਧੀ ਧਿਰ ਦੇ ਸਾਰੇ ਦੋਸ਼ਾਂ ਨੂੰ ਰੱਦ ਕਰਦਿਆਂ ਸਦਨ ਦੇ ਡਿਪਟੀ ਚੇਅਰਮੈਨ ਸ਼ਿਆਮ ਲਾਲ ਯਾਦਵ ਨੇ ਕਿਹਾ ਕਿ ਵਾਈਟ ਪੇਪਰ ਉਕਾ ਹੀ ਨਿਯਮਬੱਧ ਹੈ। ਡਿਪਟੀ ਚੇਅਰਮੈਨ ਨੇ ਇਤਰਾਜ਼ ਕੀਤਾ ਕਿ ਵਿਰੋਧੀ ਮੈਂਬਰਾਂ ਨੂੰ ਹੁਣ ਵਾਈਟ ਪੇਪਰ ਦਾ ਮੁੱਦਾ ਨਹੀਂ ਉਠਾਉਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਬਾਅਦ ਵਿਚ ਜਦੋਂ ਵਾਈਟ ਪੇਪਰ ਵਿਸ਼ੇ ਉਤੇ ਬਹਿਸ ਹੋਈ ਤਾਂ ਉਨ੍ਹਾਂ ਨੂੰ ਆਪਣੀ ਰਾਇ ਪ੍ਰਗਟ ਕਰਨੀ ਚਾਹੀਦੀ ਹੈ।

ਸਦਨ ਵਿਚ ਜਿਉਂ ਹੀ ਵਿਰੋਧੀ ਮੈਂਬਰ ਵਾਈਟ ਪੇਪਰ ਨੂੰ ਲੈ ਕੇ ਬੋਲਣ ਲਈ ਉਠੇ ਤਾਂ ਉਨ੍ਹਾਂ ਵਿਚੋਂ ਕਈਆਂ ਨੇ ਬਹੁਤ ਹੀ ਸਖਤ ਸ਼ਬਦਾਂ ਵਿਚ ਇਸ ਦੀ ਅਲੋਚਨਾ ਕੀਤੀ।

ਸੀ. ਪੀ. ਐਮ. ਦੇ ਸ੍ਰੀ ਦਿਨੇਸ਼ ਘੋਸ਼ ਨੇ ਕਿਹਾ ਕਿ ਪੰਜਾਬ ਵਿਚ ਕੁਝ ਵਿਅਕਤੀਆਂ ਨੂੰ ਹੱਲਾਸ਼ੇਰੀ ਦੇਣ ਵਾਲੇ ਹੋਰਨਾਂ ਮੁਲਕਾਂ ਦਾ ਵਾਈਟ ਪੇਪਰ ਵਿਚ ਜ਼ਿਕਰ ਨਹੀਂ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਸਰਕਾਰ ਉਨ੍ਹਾਂ ਮੁਲਕਾਂ ਦਾ ਨਾਂ ਦੱਸੇ। ਉਨ੍ਹਾਂ ਕਿਹਾ ਕਿ ਵਾਈਟ ਪੇਪਰ ਲੋਕਾਂ ਦੀਆਂ ਆਸਾਂ ਉਤੇ ਪੂਰਾ ਨਹੀਂ ਉਤਰਿਆ। ਕਾਂਗਰਸ(ਆਈ) ਮੈਂਬਰਾਂ ਨੇ ਸ੍ਰੀ ਘੋਸ਼ ਦੇ ਭਾਸ਼ਨ ਦੀ ਟੋਕਾਟਾਕੀ ਵੀ ਕੀਤੀ। ਜਨਤਾ ਪਾਰਟੀ ਦੇ ਮੈਂਬਰਾਂ ਨੇ ਕਿਹਾ ਕਿ ਵਾਈਟ ਪੇਪਰ ਪੰਜਾਬ ਦੀ ਸਥਿਤੀ ਬਾਰੇ ਸਾਰੇ ਪਹਿਲੂਆਂ ਨੂੰ ਅੱਗੇ ਲਿਆਉਣ ਵਿਚ ਅਸਫਲ ਰਿਹਾ ਹੈ।

ਭਾਰਤੀ ਜਨਤਾ ਪਾਰਟੀ ਦੇ ਸ੍ਰੀ ਐਲ. ਕੇ ਅਡਵਾਨੀ ਨੇ ਕਿਹਾ ਕਿ ਵਾਈਟ ਪੇਪਰ ਦੇ ਨਾਲ ਸਪਲੀਮੈਂਟਰੀ ਦਿਤਾ ਜਾਵੇ ਕਿਉਂ ਜੋ ਇਸ ਵਿਚ ਵਿਦੇਸ਼ੀ ਹੱਥ ਦਾ ਕਿਧਰੇ ਵੀ ਸਪਸ਼ਟ ਰੂਪ ਵਿਚ ਜ਼ਿਕਰ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਅਤੇ ਅਕਾਲੀਆਂ ਦੀਆਂ ਗੁਪਤ ਮੀਟਿੰਗਾਂ ਦੇ ਵੀ ਵੇਰਵੇ ਆਉਣੇ ਚਾਹੀਦੇ ਸਨ। ਸੀ. ਪੀ. ਆਈ. ਦੇ ਇੰਦਰਜੀਤ ਸਿਨਹਾ ਨੇ ਕਿਹਾ ਕਿ ਸਪਲੀਮੈਂਟਰੀ ਵਾਈਟ ਪੇਪਰ ਜਾਰੀ ਕੀਤਾ ਜਾਵੇ ਜਿਸ ਵਿਚ ਵਿਦੇਸ਼ੀ ਹੱਥ ਅਤੇ ਅਕਾਲੀ-ਕੇਂਦਰ ਮੀਟਿੰਗਾਂ ਬਾਰੇ ਵੇਰਵੇ ਹੋਣ।

ਮਦਰ ਥਰੇਸਾ ਪੰਜਾਬ ਗਏ

ਨੋਬਲ ਇਨਾਮ ਜੇਤੂ ਮਦਰ ਥਰੇਸਾ 21 ਜੁਲਾਈ ਨੂੰ ਪੰਜਾਬ ਗਏ। ਉਨ੍ਹਾਂ ਕਿਹਾ ਕਿ ਜੇ ਗੁਰੂ ਦੇ ਘਰ ਵਿਚ ਪ੍ਰਾਰਥਨਾ ਅਤੇ ਪੂਜਾ ਨਹੀਂ ਹੁੰਦੀ ਤਾਂ ਉਸਦੀ ਬੇਹੁਰਮਤੀ ਹੁੰਦੀ ਹੈ। ਮਦਰ ਥਰੇਸਾ ਨੇ ਕਿਹਾ ਕਿ ਬਦਲੇ ਦੀ ਭਾਵਨਾ ਪ੍ਰਮਾਤਮਾ ਰੂਪੀ ਬੰਦਿਆਂ ਨੂੰ ਸ਼ੋਭਾ ਨਹੀਂ ਦਿੰਦੀ।

ਕਈ ਅਕਾਲੀ ਨੇਤਾ ਮੁੜ ਗ੍ਰਿਫਤਾਰ

ਮੁਲਾਂਪੁਰ ਦਾਖਾ — ਅਕਾਲੀ ਦਲ ਦਾ ਸ਼ਹੀਦੀ ਜਥੇ ਅੰਮ੍ਰਿਤਸਰ ਵਲ ਲਿਜਾਣ ਦੇ ਪ੍ਰੋਗਰਾਮ ਨੂੰ ਅਸਫਲ ਬਨਾਉਣ ਲਈ ਜ਼ਿਲਾ ਲੁਧਿਆਣਾ ਦੀ ਪੁਲੀਸ ਨ ਫੜੋ-ਫੜੀ ਫੇਰ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਅਕਾਲੀ ਜਥਾ ਜ਼ਿਲਾ ਲੁਧਿਆਣਾ ਦੇ ਚਾਰ ਮੁਖੀ ਆਗੂਆਂ ਜਥੇਦਾਰ ਦਿਆ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਬਚਨ ਸਿੰਘ ਸਾਬਕਾ ਐਮ. ਐਲ. ਏ. ਜਥੇਦਾਰ ਭਗਵਾਨ ਸਿੰਘ ਧਮੋਟ ਅਤੇ ਸਰਕਲ ਪਾਇਲ ਦੇ ਪ੍ਰਧਾਨ ਜਥੇਦਾਰ ਮੰਗਤ ਰਾਏ ਸਿੰਘ ਨੂੰ ਅਮਨ ਭੰਗ ਕਰਨ ਦੇ ਦੋਸ਼ ਅਧੀਨ ਗ੍ਰਿਫਤਾਰ ਕਰਕੇ ਕੇਂਦਰੀ ਜੇਲ੍ਹ ਲੁਧਿਆਣਾ ਭੇਜ ਦਿਤਾ ਹੈ।

ਧਮਕੀ ਭਰੇ ਖਤ ਲਿਖਣ ਵਾਲੇ ਗਰੋਹ ਫੜ ਲੈਣ ਦਾ ਦਾਅਵਾ

ਚੰਡੀਗੜ੍ਹ — ਖੁਫੀਆ ਏਜੰਸੀਆਂ ਨੇ ਪੰਜਾਬ ਵਿਚ ਕੁਝ ਅਜਿਹੇ ਗਰੋਹਾਂ ਦਾ ਪਤਾ ਲਗਾ ਲਿਆ ਹੈ ਜਿਹੜੇ ਦਸ਼ਮੇਸ਼ ਰਜਮੈਂਟ ਤੇ ਕੁਝ ਵਿਅਕਤੀਆਂ ਦੀਆਂ ਕਈ ਜਥੇਬੰਦੀਆਂ ਦੇ ਨਾਵਾਂ ਹੇਠ ਆਮ ਲੋਕਾਂ ਨੂੰ ਡਰਾਉਣ ਤੇ ਧਮਕਾਉਣ ਲਈ ਚਿੱਠੀਆਂ ਲਿਖਦੇ ਸਨ। ਸਰਕਾਰੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੰਜਾਬ ਦੇ ਕਈ ਜ਼ਿਲਿਆਂ ਤੋਂ ਸਮਾਜ ਦੁਸ਼ਮਣ ਅਨਸਰਾਂ ਦੇ ਗਰੋਹਾਂ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਦੇ ਕਾਲਜਾਂ ਦੇ ਕੁਝ ਪ੍ਰਿੰਸੀਪਲਾਂ ਨੂੰ ਪ੍ਰੀਖਿਆਵਾਂ ਬਾਰੇ ਜਿਹੜੀਆਂ ਧਮਕੀਆਂ ਵਾਲੀਆਂ ਚਿੱਠੀਆਂ ਮਿਲੀਆਂ ਹਨ, ਖੁਫੀਆਂ ਏਜੰਸੀਆਂ ਉਨ੍ਹਾਂ ਦੀ ਪੂਰੀ ਤਫਤੀਸ਼ ਕਰ ਰਹੀਆਂ ਹਨ। ਕੁਝ ਚਿੱਠੀਆਂ ਕਾਲਜ ਅਧਿਆਪਕਾਂ ਅਤੇ ਵਿਦਿਆਰਥੀ ਯੂਨੀਅਨਾਂ ਦੀ ਧੜੇਬੰਦੀ ਦੇ ਪ੍ਰਸਪਰ ਲਾਗਤਬਾਜ਼ੀ ਕਾਰਨ ਲਿਖੀਆਂ ਗਈਆਂ ਹਨ।

ਕੈਨੇਡਾ ਵਿਚ ਨਵਾਂ ਭਾਰਤੀ ਹਾਈ ਕਮਿਸ਼ਨਰ

ਅਟਵਾ — ਕੈਨੇਡਾ ਵਿਚ ਭਾਰਤ ਦੇ ਨਵੇਂ ਹਾਈ ਕਮਿਸ਼ਨਰ ਜੌਜ ਗਿੱਲਵਰਟ ਸਵੈਲ ਹੋਣਗੇ। ਮਿ: ਸਵੈਲ ਮੇਘਾਲਿਆ ਦੇ ਰਹਿਣ ਵਾਲੇ ਹਨ ਇਸ ਤੋਂ ਪਹਿਲਾਂ ਉਹ ਲੋਕ ਸਭਾ ਦੇ ਮੈਂਬਰ ਵੀ ਰਹਿ ਚੁਕੇ ਹਨ ਅਤੇ 1969 ਤੋਂ 77 ਤੱਕ ਲੋਕ ਸਭਾ ਦੇ ਡਿਪਟੀ ਸਪੀਕਰ ਵੀ ਰਹੇ ਹਨ।

ਕਿਸ ਦੀ ਛਾਂ ਵਿੱਚ ਬਹਿ ਕੇ ਸੱਜਣਾ, ਦਿਲ ਦੀ ਬਾਤ ਸੁਣਾਂਗੇ,
ਏਥੇ ਤਾਂ ਹਰ ਰੁੱਖ ਦੇ ਉਤੇ, ਚੋਂਵੇ ਰੱਤ ਸਲੂਣੀਂ।

ਮਨੁੱਖੀ ਦਰਦ ਵੰਡਾਉਣ ਵਾਲਿਆਂ ਦੇ ਨਾਂ ਅਪੀਲ

ਮੇਰੇ ਪਤੀ, ਸ੍ਰੀ ਰਾਜੀਵ ਚੌਧਰੀ, ਜਿਨ੍ਹਾਂ ਦੀ ਉਮਰ 33 ਸਾਲ ਹੈ, ਦੋਵੇਂ ਗੁਰਦੇ ਫੇਲ ਹੋਣ ਕਾਰਨ ਪੀ. ਜੀ. ਆਈ. ਚੰਡੀਗੜ੍ਹਹਸਪਤਾਲ ਵਿਚ ਦਾਖਲ ਹਨ। ਉਨ੍ਹਾਂ ਦੀ ਜ਼ਿੰਦਗੀ ਕੇਵਲ ਨਵੇਂ ਗੁਰਦੇ ਪਾ ਕੇ (Kidney Transplant) ਹੀ ਬਚਾਈ ਜਾ ਸਕਦੀ ਹੈ। ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਲਹੂ ਗਰੁਪ ਨਾਲ ਨਾ ਮਿਲਣ ਕਾਰਨ ਉਨ੍ਹਾਂ ਨੂੰ ਹੋਰ ਗੁਰਦੇ ਪਾਏ ਜਾਣ ਦੇ ਉਪਰੇਸ਼ਨ ਦੀ ਲੋੜ ਹੈ।

ਇਹ ਉਪਰੇਸ਼ਨ ਯੂਰਪ ਜਾਂ ਅਮਰੀਕਾ ਵਿਚ ਹੀ ਹੋ ਸਕਦਾ ਹੈ। ਇਸ ਇਲਾਜ ਉਤੇ ਤਿੰਨ ਤੋਂ ਚਾਰ ਲੱਖ ਰੁਪਏ ਖਰਚ ਆਉਣਗੇ। ਇਸ ਤੋਂ ਬਿਨਾਂ ਬੀਮਾਰ ਦਾ ਹਵਾਈ ਜਹਾਜ਼ ਦਾ ਖਰਚ, ਰਹਿਣ ਸਹਿਣ ਦਾ ਖਰਚ ਤੇ ਅੱਠ ਹਫਤੇ ਹਸਪਤਾਲ ਤੋਂ ਬਾਹਰ ਉਪਰੇਸ਼ਨ ਤੋਂ ਪਿਛੋਂ ਰਹਿਣ ਦਾ ਖਰਚ ਵੀ ਹਨ ਇਹ ਡਾਕਟਰਾਂ ਅਨੁਸਾਰ ਦੋ ਲੱਖ ਦੇ ਲਗਪਗ ਹੋਵੇਗਾ।

ਮੇਰੇ ਪਤੀ ਦੇ ਪਿਤਾ ਰੀਟਾਇਰ ਹੋ ਚੁਕੇ ਹਨ ਅਤੇ ਖਰਚ ਬਰਦਾਸ਼ਤ ਕਰਨ ਦੇ ਕਾਬਿਲ ਨਹੀਂ। ਮੇਰੇ ਆਪਣੇ ਪਿਤਾ ਕਈ ਸਾਲ ਪਹਿਲਾਂ ਸਵਰਗਵਾਸ ਹੋ ਚੁਕੇ ਹਨ। ਸਾਡੀ ਆਮਦਨ ਬੜੀ ਸੀਮਤ ਹੈ। ਮੇਰੇ ਪਤੀ (ਵਿਜੇ ਬੈਂਕ) ਦੇ ਮੁਲਾਜ਼ਮ ਹਨ - ਬੈਂਕ, ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਸਹਾਇਤਾ ਦਾ ਬਚਨ ਦਿਤਾ ਹੈ — ਇਹ ਸਾਰਾ ਕੁਝ ਇਕੱਠਾ ਕਰਕੇ ਵੀ ਖਰਚ ਦਾ ਇਕ ਤਿਹਾਈ ਪੂਰਾ ਹੋਵੇਗਾ।

ਮੇਰੇ ਦੋ ਛੋਟੇ ਛੋਟੇ ਬੱਚੇ ਹਨ ਅਤੇ ਹੁਣ ਸਾਡੇ ਪਰਵਾਰ ਦਾ ਭਵਿਖ ਮਨੁੱਖੀ ਦਰਦ ਨੂੰ ਸਮਝਣ ਵਾਲੇ ਦਾਨੀਆਂ ਅਤੇ ਮਨੁੱਖੀ ਹਮਦਰਦੀ ਕਰਨ ਵਾਲੀਆਂ ਸੰਸਥਾਵਾਂ ਤੇ ਨਿਰਭਰ ਕਰਦਾ ਹੈ ਜੋ ਇਸ ਦੁੱਖ ਦੇ ਸਮੇਂ ਸਾਡੇ ਪਰਵਾਰ ਦੀ ਸਹਾਇਤਾ ਕਰ ਸਕਦੀਆਂ ਹਨ।

ਇਸ ਦੁੱਖ ਸਮੇਂ ਮੈਂ ਸਭ ਦਾਨੀ ਸੱਜਣਾਂ ਅਤੇ ਸੰਸਥਾਵਾਂ ਨੂੰ ਬੇਨਤੀ ਕਰਦੀ ਹਾਂ ਕਿ ਇਸ ਸਮੇਂ ਮੇਰੀ ਅਤੇ ਪਰਵਾਰ ਦੀ ਸਹਾਇਤਾ ਕਰੋ ਤਾਂਕਿ ਮੈਂ ਆਪਣੇ ਪਤੀ ਦੀ ਜਾਨ ਬਚਾ ਸਕਾਂ।

ਦਸਤਖਤ
ਨੀਲਮਾ ਚੌਧਰੀ
1211, Sector 15-B
Chandigarh

ਸਾ ਹਿ ਤ ਦ ਰ ਪ ਣ

ਕਹਾਣੀ:

ਜਨਮ-ਦਿਨ

ਹਰਭਜਨ ਹਾਂਸ

ਦਿਨ-ਭਰ ਫਾਰਮ 'ਚ ਮਿੱਟੀ ਨਾਲ ਮਿੱਟੀ ਹੋਣ ਬਾਅਦ ਸ਼ਾਮ ਨੂੰ ਫਾਰਮ ਵਾਲਿਆਂ ਦੀ ਵੈਨ ਜਦ ਦਰਵਾਜ਼ੇ ਤੇ ਮੁਫਤ ਦੇ ਫਲੇਅਰ ਵਾਂਗ ਸੁੱਟ ਗਈ ਤਾਂ ਅੰਦਰ ਵੜਦਿਆਂ ਹੀ ਕਾਫ਼ੀ-ਟੇਬਲ ਤੇ ਕੇਕ ਦਾ ਪੀਸ ਨਜ਼ਰ ਪਿਆ। ਬੀਵੀ ਨੇ ਮੇਰੇ ਮੂੰਹ ਉਪਰ ਉਭਰੇ ਪ੍ਰਸ਼ਨ-ਚਿੰਨ੍ਹ ਨੂੰ ਭਾਂਪਦਿਆਂ ਕਿਹਾ, "ਅੱਜ ਖੁਸ਼ਕਰਨ ਦਾ ਬਰਥ-ਡੇ ਹੈ... ਉਹਦੇ ਮਾਪਿਆਂ ਨੇ ਕਾਫੀ ਜ਼ੋਰ-ਸ਼ੋਰ ਨਾਲ ਮਨਾਇਆ।"

"ਚੰਗੀ ਗੱਲ ਹੈ.... ਅਜਿਹੇ ਮੌਕੇ ਕਿਹੜਾ ਰੋਜ਼ ਰੋਜ਼ ਆਉਂਦੇ ਨੇ ... ਬੰਦਾ ਕਮਾਉਂਦਾ ਕਾਹਦੀ ਖਾਤਰ ਐ ?" ਬਰਥ-ਡੇ ਦੇ ਸ਼ੁਭ ਸਮਾਚਾਰ ਨੂੰ ਸੁਣਕੇ ਸਮਝ ਨਹੀਂ ਆ ਰਿਹਾ ਸੀ ਕਿ ਕੀ ਕਹਾਂ, ਸ਼ਾਇਦ ਸਮਝ ਤਾਂ ਬੇਰ-ਫਾਰਮ 'ਚ ਰਹਿ ਰਹਿ ਡਾਇਜ਼ੀਜ-ਇਨਫਿਸਟਡ-ਸਟਰਾਅ-ਬੇਰੀ ਵਾਂਗ ਬੇਕਾਰ ਹੋ ਗਈ ਸੀ।

"ਮੇਰੀ ਬਰਥ-ਡੇ ਅੱਜ ਤੋਂ ਇਕ ਮਹੀਨਾ ਬਾਅਦ ਹੈ.... ਹੁਣ ਤੋਂ ਬਾਅਦ ਮੈਂ ਨਹੀਂਓ ਦੱਸਣਾ... ਸਤਾਈ ਜੂਨ ਯਾਦਿ ਮੇਰੇ ਬਰਥ-ਡੇ ਤੇ ਤੁਸੀਂ ਕੋਈ ਸਰਪ੍ਰਾਈਜ਼ ਗਿਫਟ ਦੇਣਾ ਤੇ ਮੈਂ ਸਰਪ੍ਰਾਈਜ਼ ਖਾਣਾ ਬਣਾਵਾਂਗੀ... ਓ. ਕੇ. !" ਬੀਵੀ ਚਹਿਕ ਰਹੀ ਸੀ - ਉਸ ਦੀ ਖੁਸ਼ ਕੁਝ ਇਸ ਤਰ੍ਹਾਂ ਦੀ ਸੀ ਜਿਵੇਂ ਕਿਸੇ ਨੂੰ ਹਿੰਦੂ ਫਾਰਮਰ ਕੋਲੋਂ ਦੋ ਸਾਲ ਪਹਿਲਾਂ ਕੀਤੇ ਕੰਮ ਦਾ ਅੱਧ-ਪਚੱਧੇ ਪੈਸੇ ਮਿਲ ਗਏ ਹੋਣ।

"ਓ. ਕੇ. !" ਮੈਂ ਉਸਦੀ ਗੱਲ ਦੀ ਤਸਦੀਕ ਕਰ ਦਿੱਤੀ।

ਸੁਪਨਮਈ ਕੈਨੇਡਾ 'ਚ ਰੋਜ਼ ਦੀ ਜ਼ਿੰਦਗੀ ਕਿਸੇ ਗਰੀਬ ਤਾਂਗੇ ਵਾਲੇ ਦੀ ਬਿਮਾਰ-ਕੰਮਜ਼ੋਰ ਘੋੜੀ ਵਾਂਗ ਢੀਚੂੰ-ਢੀਚੂੰ ਕਰਦੀ ਤੁਰ ਰਹੀ ਸੀ। ਆਪਣੀ ਹੀ ਬਰਾਦਰੀ ਦੇ ਫਾਰਮ 'ਚ ਸਟੈਂਪਾਂ ਦੀ ਖਾਤਰ ਮੁਫਤ ਦੀ ਚਮੜੀ ਉਧੜਵਾਂਦਿਆਂ ਦਿਨ ਲੰਘਦੇ ਗਏ।

"ਮੈਨੂੰ ਭੁੱਖ ਬਹੁਤ ਲੱਗੀ ਹੈ... ਕੁਝ ਖਾਣ ਨੂੰ ਮਿਲੇਗਾ ?" ਇਕ ਥੱਕੀ ਜਿਹੀ ਸ਼ਾਮ ਨੂੰ ਕੰਮ ਤੋਂ ਪਰਤਕੇ ਬੈਠਦਿਆਂ ਹੀ ਮੈਂ ਬੀਵੀ ਨੂੰ ਕਿਹਾ।

"ਕੀ ਖਾਉਂਗੇ ?" ਦਿਨ-ਭਰ ਮਸ਼ਰੂਮ ਫਾਰਮ 'ਚ ਡੰਡ-ਬੈਠਕਾਂ ਕੱਢਣ ਦੇ ਬਾਵਜੂਦ ਵੀ ਉਹ ਖੁਸ਼ੀ ਭਰਿਆ ਚਿਹਰਾ ਲੈ ਕੇ ਮਿਲਦੀ ਬੋਲੀ।

"ਕੁਛ ਵੀ... ਕੁਛ ਵੀ !" ਭੁੱਖ ਨੂੰ ਮੈਥੋਂ ਵੀ ਜਲਦੀ ਸੀ।

"ਦੁੱਧ ਤੇ ਕੱਲ੍ਹ ਦੀ ਚਾਹ ਜੋਗਾ ਈ ਆ ...ਲੈਟਿਸ ਹੈ ਨਹੀਂ.... ਨਹੀਂ ਤਾਂ ਸੈਂਡਵਿਚ ਬਣਾ ਦੇਂਦੀ.... ਸਬਜ਼ੀ ਲਿਆ ਦੇਨੀ ਆਂ।!" ਕਹਿ ਬੀਵੀ ਕਿਚਨ ਨੂੰ ਤੁਰ ਪਈ। ਸੋਚਾਂ ਦੇ ਪਰ੍ਹਾਂ ਤੇ ਸਫਰ ਕਰਦਾ ਸੱਤ ਸਮੁੰਦਰ ਪਾਰ ਮਾਂ ਦੇ ਘਰ ਪੁਜ ਗਿਆ ਮੈਂ। ਸਕੂਲ 'ਚ ਤਿੰਨ ਪੀਅਰਡ ਲਾਉਣ ਬਾਅਦ ਸ਼ਾਮ ਨੂੰ ਜਦ ਘਰ ਪਰਤਦਾ ਹਾਂ ਮਾਂ ਕਾੜ੍ਹਣੀ ਦੇ ਦੁੱਧ ਦਾ ਗਲਾਸ ਭਰ ਖੰਡ ਤੇ ਆਪਣੇ ਮੈਤਰੀ-ਮੋਹ ਨਾਲ ਮਿੱਠਾ ਕਰਕੇ ਹੱਥ ਫੜਾ ਦੇਂਦੀ। ਤੇ ਅੱਜ ਤੋਂ ਪੰਜ ਮਹੀਨੇ ਪਹਿਲਾਂ ਨੌਕਰੀ ਤੇ ਕਾੜ੍ਹਣੀ ਨੂੰ ਲੱਤ ਮਾਰਕੇ ਲੱਖਾਂ 'ਚ ਖੇਲਣ ਦੇ ਅਰਮਾਨ ਨੂੰ ਦਿਲ 'ਚ ਲੈ ਕੇ ਕੈਨੇਡਾ ਆ ਗਿਆ ਸੀ, ਤੇ ਉਸ ਅਰਮਾਨਾਂ ਦੇ ਮਹਿਲਾਂ ਦੀ ਧਰਤੀ ਕੈਨੇਡਾ 'ਚ ਗਿਆਰਾਂ ਘੰਟੇ ਮੁਸ਼ੱਕਤ ਕਰਨ ਬਾਅਦ ਪੰਜ ਦਿਨ ਪਹਿਲਾਂ ਬਣਾਈ ਹੋਈ ਸਬਜ਼ੀ ਦੀ ਕੌਲੀ ਮੇਰੀ ਭੁੱਖ ਨਾਲ ਲੜ ਰਹੀ ਸੀ।

ਵਾਸ਼-ਰੂਮ 'ਚ ਨਹਾਣ ਲਈ ਗਿਆ ਤਾਂ ਠੰਡਾ-ਠਾਰ ਪਾਣੀ ਦੁਖਦੇ ਹੱਡਾਂ ਨੂੰ ਤੋੜਣ ਲੱਗਾ। ਗਰਮ ਪਾਣੀ ਤੇ ਅਧਿਕਾਰ ਤਾਂ ਮਕਾਨ-ਮਾਲਕਾਂ ਦਾ ਹੈ— ਕਿਰਾਏ ਵਾਲੀ ਬੇਸਮਿੰਟ 'ਚ ਰਹਿਣ ਵਾਲਿਆਂ ਦੇ ਨਸੀਬ 'ਚ ਤਾਂ ਰਹਿੰਦ-ਖੂੰਦ ਹੀ ਹੈ - ਚਾਹੇ ਉਹ ਨਹਾਉਣ ਵਾਲਾ ਪਾਣੀ ਹੀ ਕਿਉਂ ਨਾ ਹੋਵੇ!

"ਹੋਰ ਸੁਣਾ, ਦਿਨ ਕਿਵੇਂ ਗੁਜਰਿਆ ?" ਭਾਰਤੀ ਰਿਕਸ਼ਾ-ਚਾਲਕ ਦੇ ਢਾਈ-ਤਿੰਨ ਘੰਟੇ ਥੀਏਟਰ 'ਚ ਆਪਣੇ-ਆਪ ਨੂੰ ਅਮਿਤਾਭ ਬਚਨ ਸਮਝਣ ਦੇ ਸੁਪਨੇ ਵਾਂਗ ਮੈਂ ਵੀ ਮੁਸ਼ੱਕਤ ਤੇ ਦੁੱਖਾਂ ਦੇ ਕੌੜੇ ਜੰਜਾਲ ਨੂੰ ਪਰ੍ਹੇ ਵਗਾਹ ਬੀਵੀ ਦੇ ਸਨਮੁਖ ਬੈਠ ਸੰਬੋਧਤ ਹੋਇਆ।

"ਚੰਗੇ...!" ਬੋਲ ਜਿਵੇਂ ਖੂਹ 'ਚੋਂ ਆਏ, "ਤਿੰਨ ਘੰਟੇ 'ਚ ਚਾਰ ਫਲੇਟ ਤੋੜੇ ਤੇ ਬਾਰਾਂ ਡਾਲਰ ਕਮਾ ਲਏ.... ਬਲਵਿੰਦਰ ਵੀਰ ਨੇ ਪਾਰਕ 'ਚ ਭੱਜਣ ਜਾਣਾ ਸੀ.... ਉਹਦਾ ਫੋਨ ਆਇਆ ਸੀ, ਕਾਰ ਦੇਕੇ ਆਈ ਆਂ... ਵੀਰ ਦੀ ਕਾਰ ਪੱਪੀ ਲੈ ਗਿਆ ਸੀ... ਮੇਰੀ ਬਲੱਡ-ਰਿਪਰਟ ਆ ਗਈ ਹੈ... ਡਾਕਟਰ ਨੇ ਕੈਪਸੂਲ ਲਿਖ ਦਿਤਾ ਨੇ ...!"

"ਲੈ ਆਂਦੇ ਨੇ ?"

"ਕਿੱਥੋਂ ਲਿਆਉਂਦੀ ? .... ਕੋਲ ਤਾਂ ਕੁਝ ਵੀ ਨਹੀਂ.... ਪਰ ਛੱਡੋ, ਤੁਹਾਨੂੰ ਕੁਝ ਯਾਦ ਹੈ ?"

"ਕੀ ?" ਮੈਂ ਦਿਮਾਗ ਤੇ ਬੋਝ ਪਾ ਕੇ 'ਕੁਝ' ਯਾਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਦਿਮਾਗ ਵਿਚੋਂ ਜਿਵੇਂ ਯਾਦ ਕਰਨ ਵਾਲਾ ਆਲ੍ਹਾ ਗੁੰਮ ਹੋ ਗਿਆ ਸੀ।

"ਤੁਹਾਨੂੰ ਸੱਚੀਂ-ਮੁੱਚੀਂ 'ਕੁਝ' ਯਾਦ ਨਹੀਂ ਕਿ ਮਜ਼ਾਕ ਕਰ ਰਹੇ ਓਂ....?" ਬੀਵੀ ਨੇ ਮੇਰੀ ਚੁੱਪ ਦੇ ਟੁੱਟਣ ਦਾ ਕੁਝ ਚਿਰ ਇੰਤਜ਼ਾਰ ਕਰਕੇ ਕਿਹਾ, "ਅੱਜ ਮੇਰਾ ਬਰਥ-ਡੇ ਹੈ !!"

"ਹੋ...ਹੋ...ਹੋ...!" ਮੇਰਾ ਹਾਸਾ ਕੁਝ ਇਸ ਤਰ੍ਹਾਂ ਦਾ ਸੀ ਜਿਵੇਂ ਕੋਈ ਸਿਆਣਾ-ਬਿਆਣਾ, ਬੱਚੇ ਦੀ ਹਾਸੋਹੀਣੀ ਗੱਲ ਸੁਣਕੇ 'ਹਾਸੋਹੀਣਾ' ਹਾਸਾ ਹੱਸੇ। ਬੀਵੀ ਦੇ ਮੱਥੇ ਦੇ ਵਲ੍ਹਾਂ ਨੂੰ ਦੇਖਦਿਆਂ ਮੈਂ ਸੰਭਲਿਆ ਤੇ ਚਿਹਰੇ ਤੇ ਮੁਸਕਰਾਹਟ ਲਿਆਉਂਦਿਆਂ ਕਿਹਾ, "ਹੈਪੀ ਬਰਥ-ਡੇ ਮਿਸਿਜ਼ ... ਜਨਮ ਦਿਨ ਮੁਬਾਰਕ ਹੋਵੇ ਸ਼੍ਰੀਮਤੀ ਜੀ.... ਤੇਰੀ ਲੰਬੀ ਆਯੂ ਤੇ ਖੁਸ਼ੀਆਂ ਭਰੇ ਜੀਵਨ ਲਈ ਮੈਂ ਨੀਲੀ ਛੱਤ ਵਾਲੇ ਅੱਗੇ ਹੱਥ ਜੋੜਦਾਂ ....!"

"ਮੇਰਾ ਗਿਫਟ ?" ਅਰਦਾਸ ਦੇ ਸੁਕੇ ਬੋਲਾਂ 'ਚ ਕੋਈ ਸਾਰਥਿਕਤਾ ਨਹੀਂ ਸੀ ਬੀਵੀ ਲਈ।

"ਸੌਰੀ... ਮੇਡਮ...ਸੌਰੀ...ਮੈਨੂੰ ਯਾਦ ਨਹੀਂ ਰਿਹਾ... ਵਰਨਾ ਮੈਂ....!" ਤਰਲੇ ਲੈ ਰਿਹਾ ਸੀ ਮੈਂ।

"ਅਜੇ ਕਿਹੜਾ ਸਟੋਰ ਬੰਦ ਹੋਏ ਨੇ... ਗਿਫਟ ਤੇ ਹੁਣ ਵੀ ਖ਼੍ਰੀਦਿਆ ਜਾ ਸਕਦੈ !"

"ਤੇਰੀ ਕਾਰ ਤੇ ਘਰੇ ਨਹੀਂ ?" ਡੁੱਬਦੇ ਨੂੰ ਤਿਣਕੇ ਦਾ ਸਹਾਰਾ ਸੀ।

"ਕਾਰ ਮੈਂ ਉਪਰਲਿਆਂ ਦੀ ਮੰਗ ਲੈਂਦੀ ਆਂ... ਤੁਸੀਂ ਚੱਲਣ ਵਾਲੇ ਬਣੋ !"

"ਮੇਰੇ ਕੋਲ ਤਾਂ ਇਕ ਵੀ ਡਾਲਰ ਨਹੀਂ....ਉਧਾਰ ਮਿਲ ਸਕਦਾ ?" ਸ਼ਰਮਿੰਦਾ ਜਿਹਾ ਮੂੰਹ ਬਣਾ ਕੇ ਮੈਂ ਕਿਹਾ।

"ਮੇਰੇ ਪਰਸ 'ਚ ਕੁਲ ਰਲਾ-ਮਿਲਾ ਵੀਹ ਕੁ ਸੈਂਟ ਨੇ... ਲੈ ਸਕਦੇ ਓਂ ਪਤਨੀ ਨੇ ਆਫਰ ਦਿੱਤੀ,.... ਤੁਸੀਂ ਆਪਣੇ ਕੰਮ ਵਾਲਿਆਂ ਨੂੰ ਫੋਨ ਕਰਕੇ ਦੇਖ ਲਵੋ ... ਹੁਣ ਤਾਂ ਬੇਰੀ ਵੇਚ-ਵੇਚ ਰੋਜ਼ ਜੇਬ 'ਚ ਪਾਉਂਦੇ ਨੇ .... ਵੀਹ-ਪੰਜਾਹ ਦੇ ਦੇਣ, ਤਾਂ ....!"

"ਕੀ ਫਾਇਦਾ ? ਅੱਜ ਦੇ ਸ਼ੁਭ-ਦਿਨ ਤੇ ਉਨ੍ਹਾਂ ਦੀ ਇਨਕਾਰ ਸੁਣਕੇ ਕਿਉਂ ਦੰਦਾਂ ਹੇਠ ਜੀਭ ਦਈਏ .... ਆਪਣੇ ਕੋਕ ਦੀਆਂ ਕੁਝ ਖਾਲੀ ਬੋਤਲਾਂ ਨੇ.... ਮੋੜ ਆਉਨੇ ਆਂ, ਜੋ ਵੱਟਾਂਗੇ, ਤੇਰੇ ਗਿਫਟ ਤੇ ਖਰਚ ਆਉਨੇ ਆਂ... ਓ. ਕੇ. ?"

"ਓ. ਕੇ.!" ਬੀਵੀ ਨੇ ਸੁਜ਼ੇਸ਼ਨ ਅਟੈਸਟ ਕਰ ਦਿੱਤੀ।

"ਕੁਲ ਇਕ ਡਾਲਰ ਅੱਸੀ ਸੈਂਟ ਨੇ... ਆਪਾਂ ਕੇ-ਮਾਰਟ ਚਲਦੇ ਆਂ... ਕੁਛ ਸੇਲ ਤੇ ਹੋਇਆ ਤਾਂ ਲੈ ਆਵਾਂਗੇ !" ਬੋਤਲਾਂ ਵਾਪਸ ਕਰਨ ਤੇ ਮਿਲੀ 'ਮਨੀ' ਦਾ ਹਿਸਾਬ-ਕਿਤਾਬ ਕਰਦਿਆਂ ਮੈਂ ਕਿਹਾ।

ਬਿਜਲੀ ਦੀਆਂ ਟਿਊਬਾਂ ਨਾਲ ਲਿਸ਼ਕਦੇ ਸਟੋਰ 'ਚ ਖਰੀਦਾਰੀ ਕਰਦੇ ਗੋਰ-ਕਾਲੇ ਦੇਖ ਚਿੱਤ ਪੈਸੇ ਦੀ ਥੋੜ ਦੇ ਝੋਰੇ ਚੋਂ ਮੁਕਤ ਹੁੰਦਾ ਕੁਝ ਸੰਭਲਿਆ। ਬੀਵੀ ਤਰ੍ਹਾਂ ਤਰ੍ਹਾਂ ਦੀਆਂ ਡਰੇਸਾਂ ਦੇ ਸਟੱਫ ਤੇ ਪ੍ਰਾਈਸ-ਟੈਕਾਂ ਨੂੰ ਨਿਹਾਰ ਰਹੀ ਸੀ। ਉਸਦੇ ਅੱਖਾਂ 'ਚ ਜਗਦੇ-ਬੁਝਦੇ ਲਾਟੂਆਂ ਵਾਂਗ ਖੁਸ਼ੀ ਤੇ ਉਦਾਸੀ ਇਹ ਪ੍ਰਤੱਖ ਕਰਦੀਆਂ ਸੀ ਕਿ ਕੱਪੜੇ ਵਧੀਆ ਹਨ, ਪਰ ਉਹ ਸਾਡੇ ਲਈ ਦਿਲੀ ਵਾਂਗ ਦੂਰ, ਪਹੁੰਚ ਤੋਂ ਪਰ੍ਹੇ ਹਨ।

"ਚੱਲੋ ਚੱਲੀਏ !" ਅੱਧਾ ਘੰਟਾ ਪੂਰੇ ਸਟੋਰ ਨੂੰ ਪਰਖਣ ਤੇ ਨਿਹਾਰਨ ਬਾਅਦ ਬੀਵੀ ਨੇ ਫਰਮਾਨ ਜਾਰੀ ਕੀਤਾ।

"ਤੂੰ ਕੁਝ ਵੀ ਪਸੰਦ ਨਹੀਂ ਕੀਤਾ ?" ਚਿਹਰੇ ਤੇ ਦਿਲ ਦੀ ਉਦਾਸੀ ਦੀ ਕਾਲਸ ਨੂੰ ਫੋਕੀ ਮੁਸਕਰਾਹਟ ਦੇ ਪਰਦੇ ਨਾਲ ਢਕਦਿਆਂ ਮੈਂ ਕਿਹਾ।

"ਹਾਂ...!" ਹਾਉਕੇ ਨੇ ਉਸਦੇ ਬੋਲਾਂ ਤੇ ਗ੍ਰਿਫਤ ਪਾ ਲਈ,"... ਕੁਝ ਖਾਸ ਹੈ ਹੀ ਨਹੀਂ ਸੀ. ਪੂਰੇ ਸਟੋਰ 'ਚ !"

"ਓਹ...!" ਮੈਂ ਅਫਸੋਸ ਪ੍ਰਗਟ ਕਰਨ ਦੇ ਲਹਿਜੇ 'ਚ ਕਿਹਾ। ਆਪਣੀ ਪੈਂਟ ਦੀ ਜੇਬ 'ਚ ਹੱਥ ਮਾਰਿਆ ਤਾਂ ਨਿਕਲ-ਕੁਆਟਰ ਜੇਬ ਦੇ ਖੂੰਜਿਆਂ 'ਚ ਸਹਿਮੇ ਭੁਖ-ਮਰੀ ਦੇ ਸ਼ਿਕਾਰ ਬੱਚਿਆਂ ਵਾਂਗ ਬੈਠੇ ਪ੍ਰਤੀਤ ਹੋਏ, ਜਿਨ੍ਹਾਂ ਨੂੰ ਉਨ੍ਹਾਂ ਦੀ ਗਰੀਬ ਮਾਂ ਇਕ-ਇਕ ਥੱਪੜ ਰਸ਼ੀਦ ਕਰਕੇ ਸੌਂ ਜਾਣ ਦਾ ਹੁਕਮ ਦੇ ਚੁੱਕੀ ਹੋਵੇ।

"ਚਲੋ ਆਪਾਂ ਮੈਕਡਾਨਲ ਚਲਦੇ ਆਂ....," ਮੇਰੀ ਹਾਂ-ਨਾਂਹ ਸੁਣੇ ਬਿਨ੍ਹਾਂ ਹੀ ਬੀਵੀ ਨੇ ਕਾਰ ਦਾ ਰੁਖ ਪਰਤ ਲਿਆ। ਪ੍ਰਾਈਸ-ਲਿਸਟ ਤੇ ਨਜ਼ਰ ਘੁਮਾਉਂਦੀ ਉਹ ਆਰਡਰ ਦੇ ਰਹੀ ਸੀ, "ਵਨ ਬਿੱਗ-ਮੈਕ.. ਵਨ ਆਈਸ ਕਰੀਮ ਕੋਨ !"

"ਵਨ...ਏਟ..ਈ..ਈ..!" ਮਧੁਰ ਆਵਾਜ਼ ਆਈ।

ਮਨੀ ਮੇਰੀ ਜੇਬੋਂ ਨਿਕਲ ਕਾਊਂਟਰ ਤੇ ਜਾ ਡਿੱਗੀ। ਸਿਕਿਆਂ ਚੋਂ ਨਿਕਲੀਆਂ ਤਰ੍ਹਾਂ ਤਰ੍ਹਾਂ ਦੀਆਂ ਟੁਣਕਾਰਾਂ ਸੁਣ ਮੈਨੂੰ ਲੱਗਿਆ ਜਿਵੇਂ ਇਹ ਨਿਕਲ-ਕੁਆਟਰ ਮੇਰੀ ਪਤਨੀ ਦੇ ਜਨਮ-ਦਿਨ ਦੀ ਖੁਸ਼ੀ ਨੂੰ ਬਰਕਾਰਾ ਰੱਖਣ ਲਈ ਹੱਸ- ਹੱਸ ਕੁਰਬਾਨੀਆਂ ਦੇ ਰਹੇ ਹੋਣ।

"ਬਿੱਗ-ਮੈਕ ਫਾਰ ਯੂ.... ਕਰੀਮ ਫਾਰ ਮੀ !" ਪਤਨੀ ਨੇ ਲਫਾਫੇ ਦੀ ਫੋਲਾਫਾਲੀ ਕਰਦਿਆਂ ਕਿਹਾ।

"ਨੋ ... ਫਿਫਟੀ ਫਿਫਟੀ !"

"ਓ. ਕੇ. !"

"ਚਲੋ ਬਈ, ਸੌਂਈਏਂ... ਸਵੇਰੇ ਉਠਣ ਵੇਲੇ ਲੇਟ ਹੋ ਜਾਈਦਾ !" ਬੀਵੀ ਘਰ ਦੇ ਅੰਦਰ ਪ੍ਰਵੇਸ਼ ਕਰਦਿਆਂ ਫਰਮਾ ਰਹੀ ਸੀ।

"ਮੈਡਮ, ਤੂੰ ਆਪਣੇ ਬਰਥ-ਡੇ ਤੇ ਸਰਪਰਾਈਜ ਖਾਣੇ ਦਾ ਪ੍ਰਾਮਿਸ ਕੀਤਾ ਸੀ... ਲਗਦੈ. ਭੁਲ ਗਈ ?"

"ਬਿੱਗ-ਮੈਕ ਤੇ ਖਾ ਲਿਆ !" ਮੇਰਾ ਸੁਆਲ ਬੀਵੀ ਨੂੰ ਜਿਵੇਂ ਬਿਲਕੁਲ ਨਿਰਾਰਥਕ ਜਾਪਿਆ।

ਬੀਵੀ ਨੀਂਦ ਦੇ ਸਮੁੰਦਰ 'ਚ ਗੋਤੇ ਲਾ ਰਹੀ ਸੀ, ਪਰ ਮੈਂ ਸਤਾਈ ਜੂਨ, ਬੀਵੀ ਦੇ ਬਰਥ-ਡੇ ਵਾਲੇ ਦਿਨ ਤੇ ਆਪਣੀ ਬੇ-ਵਸੀ ਦੇ ਚੱਕ੍ਰ-ਵਿਯੂ 'ਚ ਫਸਿਆ ਖੁਦ ਨਾਲ ਖਾਨਾਜੰਗੀ ਕਰ ਰਿਹਾ ਸੀ।

ਕਵਿਤਾ

ਕੇਸਰ ਸਿੰਘ ਨਾਵਲਿਸਟ

ਮੇਰਾ ਪਿੰਡ
ਦੂਰ ਰਹਿ ਗਿਆ
ਦੂ....ਰ
ਜਿਥੇ ਮੈਂ ਜਾ ਨਾ ਸਕਾਂ।
ਮੇਰੀ ਭੌਂ
ਤੇ ਮੇਰੇ ਵਿਚਾਲੇ
ਸਤ ਸਮੁੰਦਰ
ਠਾਠਾਂ ਮਾਰਨ
ਫਿਰ ਵੀ ਮੈਂ
ਹਰ ਖਿਣ
ਹਰ ਪਲ
ਹਾਂ ਉਥੇ ਰਹਿੰਦਾ
ਜਿਥੇ
ਬਿੰਦੂ ਨਾਲ ਖੇਡੇ ਬੰਦੇ
ਛਪਣ ਛੋਤਾਂ ਦਿਤੀਆਂ
ਸੌਂਚੀਆਂ ਖੇਡੀਆਂ
ਖੇਡੇ ਕਬੱਡੀ
ਮਾਰੀਆਂ ਠਿੱਬੀਆਂ
ਖਾਧੀਆਂ ਧੌਲਾਂ
ਚੋਹਿਆਂ ਦੇ ਠੰਢੇ ਠਾਰ
ਮਿੱਠੇ ਪਾਣੀ ਪੀਤੇ
ਗਾਚੀ ਨਾਲ ਪੋਚੀਆਂ ਫੱਟੀਆਂ
ਮੌਲਵੀ ਫਜ਼ਲ ਇਲਾਹੀ ਨੇ
ਪਾਏ ਪੂਰਨੇ
ਅਸਾਂ ਮੁੜ ਮੁੜ ਢਾਹੇ ਪੂਰਨੇ
ਮੌਲਵੀ ਮੁੜ ਮੁੜ ਪਾਏ ਪੂਰਨੇ
ਸਿੰਗ ਮਹਿਆਂ ਦੇ ਫੜ ਕੇ
ਛਪੜਾਂ ਵਿਚ ਡੁਬਕੀਆਂ ਲਈਆਂ
ਪੂਛ ਮਹੇ ਦੀ ਫੜ ਕੇ
ਲਾਈਆਂ ਤਾਰੀਆਂ
ਚੀਕਣੇ ਚਿਕੜ ਉਤੇ
ਮੁੜ ਮੁੜ
ਘੜੀ ਮੁੜੀ
ਮੈਂ ਆਪਣਾ ਬਚਪਨ
ਜੀਵਾਂ
ਮੇਰੀ ਭੌਂ
ਤੇ ਮੇਰੇ ਵਿਚਾਲੇ
ਸਤ ਸਮੁੰਦਰ
ਮੇਰਾ ਪਿੰਡ
ਦੂਰ ਰਹਿ ਗਿਆ
ਦੂ....ਰ
ਜਿਥੇ ਮੈਂ ਜਾ ਨਾ ਸਕਾਂ।

ਗੀਤ

ਹੋਕਾ

ਸੁਖਪਾਲ

ਧਰਤੀ ਦਿਆ ਲੋਕਾ ਸੁਣੀਂ ਵੇ,
ਸਮਿਆਂ ਦਾ ਹੋਕਾ ਸੁਣੀਂ ਵੇ।
ਖੁੰਝੇ ਨਾ ਮੌਕਾ ਸੁਣੀ ਵੇ।
ਏਕੇ ਨੂੰ ਪੱਕਾ ਕਰਕੇ
ਹਰ ਜ਼ੁਲਮ ਨੂੰ ਵੰਗਾਰਿਓ,
ਹੁਣ ਹੋਰ ਨਾ ਲੁਟੇਰਿਆਂ ਦੀ
ਲੁਟ ਨੂੰ ਸਹਾਰਿਉ।

ਮਜ਼੍ਹਬਾਂ ਦੇ ਠੇਕੇਦਾਰਿਓ
ਘਮੰਡੀਓ ਹੈਂਸਿਆਰਿਓ
'ਅਕਲ' ਦੇ ਹਤਿਆਰਿਓ
ਐ ਖੁਦਾ ਦੇ ਨਾਮ ਤੇ
ਖੁਦੀ ਨੂੰ ਪਾਲਣ ਵਾਲਿਓ
ਲੋਕਤਾ ਨੂੰ ਜ਼ਹਿਰ ਭਰੇ
ਹੋਰ ਨਾ ਡੰਗ ਮਾਰਿਓ
ਹੁਣ ਹੋਰ ਨਾ ਮਾਨੁਖਤਾ ਦੀ
ਜਖਣਾ ਨੂੰ ਗਾਲਿਉ।

ਤੁਖਤਾਂ ਤੇ ਤਾਜਾਂ ਵਾਲਿਉ
ਮਿਲਖਾਂ ਤੇ ਰਾਜਾਂ ਵਾਲਿਉ
ਵੱਡਿਆਂ ਮਿਜ਼ਾਜ਼ਾਂ ਵਾਲਿਉ
ਤਾਕਤ ਦੇ ਪਾਗਲਪਣ ਨੂੰ
ਡੱਕਿਉ ਸੰਭਾਲਿਉ
ਹੁਣ ਹੋਰ ਨਾ ਮਨੁੱਖਤਾ ਦੀ
ਜਖਣਾ ਨੂੰ ਗਾਲਿਉ

ਖੇਤਾਂ ਦਲਾਨਾਂ ਵਾਲਿਓ
ਇਜ਼ਤਾਂ ਤੇ ਆਨਾਂ ਵਾਲਿਉ
ਡਾਂਗਾਂ ਕਿਰਪਾਨਾਂ ਵਾਲਿਉ
ਨਿੱਕੀ ਨਿੱਕੀ ਗੱਲ ਤੇ
ਭਿੜ ਪੈਣ ਜਾਣਾ ਵਾਲਿਉ
ਹਕੂਮਤ ਦੇ ਪੈਰੀਂ ਜਾ ਡਿੱਗੀ
ਉਸ ਅੱਗ ਨੂੰ ਸੰਭਾਲਿਉ
ਸੰਭਾਲਿਉ ਸੰਭਾਲਿਉ

ਜ਼ਮਾਨੇ ਦੇ ਸੱਚ ਤੋਂ ਡਰਕੇ
ਐਟਮ ਨੂੰ ਹੱਥ ਵਿਚ ਫੜਕੇ
ਮਾਣਵ ਨੂੰ ਖਤਮ ਕਰਕੇ
ਖੁਦਕਸ਼ੀ ਦੀ ਮੌਤ ਮਰਕੇ
ਕਿੰਞ ਬਚੋਗੇ ਹਤਿਆਰਿਉ।
ਸੱਪਾਂ ਦੀ ਜੀਭਾਂ ਵਾਲਿਉ
ਐ ਮਸਤਕਾਂ ਦੇ ਕਾਲਿਉ
ਹੁਣ ਹੋਰ ਨਾ ਮਨੁੱਖਤਾ ਦੀ
ਜੱਖਣਾ ਨੂੰ ਗਾਲਿਉ

ਐ ਕਿਰਤੀਉ ਲਿਤਾੜਿਉ
ਦੁਨੀਆਂ ਦੇ ਸਿਰਜਨਹਾਰਿਉ
ਇਸ ਅੱਖ ਨੂੰ ਉਘਾੜਿਉ
ਸਦੀਆਂ ਤੋਂ ਲੁੱਟੀ ਜਾ ਰਹੀ
ਤੁਸੀਂ ਕਿਰਤ ਨੂੰ ਸੰਭਾਲਿਉ
ਦੁਨੀਆਂ ਤੁਸਾਂ ਦਾ ਘਰ ਹੈ
ਇਸ ਘਰ ਨੂੰ ਬਚਾ ਲਿਉ।
ਬਚਾ ਲਿਉ ਬਚਾ ਲਿਉ।

ਤਲਵਾਰ

ਗੁਰਚਰਨ ਰਾਮਪੁਰੀ

ਹੋਵੇ ਗੱਦੀ-ਦਾਰ ਜਾਂ ਬਾਗ਼ੀ ਦੀ ਤਲਵਾਰ,
ਜੇ ਲੋਕਾਂ ਦੀ ਜੀਭ ਨੂੰ ਜਿੰਦਰਾ ਦੇਂਦੀ ਮਾਰ,
ਅੰਬਰ ਉਡਣ ਲਾਣ ਥਾਂ ਦਏ ਪਤਾਲ ਉਤਾਰ
ਹੋਰ ਉਹ ਕੁਝ ਵੀ ਹੋਏ ਪਰ ਲੋਕਾਂ ਦੀ ਨਹੀਂ ਸਾਰ।

ਵਾਰਸ ਸ਼ਾਹ

ਬੇਗਮ ਆਇਸ਼ਾ ਰੰਧਾਵਾ


23 ਜੁਲਾਈ ਮੁਤਾਬਕ 9 ਸਾਵਣ ਨੂੰ ਹਜ਼ਰਤ ਪੀਰ ਸਈਅਦ ਵਾਰਸ ਸ਼ਾਹ ਰਹਿਮਤ ਅੱਲਾ ਇਲਾਅ ਦਾ, ਮੁਬਾਰਕ ਉਰਸ, ਬੜੀ ਧੂਮਧਾਮ ਨਾਲ, ਉਨ੍ਹਾਂ ਦੇ ਪਿੰਡ ਜੰਡਿਆਲਾ ਸ਼ੇਰ ਖਾਂ ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ਵਿਖੇ ਮਨਾਇਆ ਇਸ ਅਵਸਰ ਉਤੇ ਵਿਸ਼ੇਸ਼ ਲੇਖ ਪੰਜਾਬੀ ਮਾਸਿਕ ਪੱਤਰ 'ਲਹਿਰਾਂ' (ਲਾਹੌਰ) ਦੇ ਧੰਨਵਾਦ ਸਹਿਤ ਅੰਕਿਤ ਕੀਤਾ ਜਾਂਦਾ ਹੈ।

ਜਿਵੇਂ ਮਿਲਟਨ 'ਪੈਰਾਡਾਈਜ਼ ਲੌਸਟ' ਤੇ ਹੋਮਰ 'ਉਡੀਸੀ' ਵਰਗੀਆਂ ਨਜ਼ਮਾਂ ਲਿਖ ਕੇ ਸਦਾ ਜ਼ਿੰਦਾ ਰਹਿਣ ਵਾਲੇ ਲੋਕਾਂ ਵਿਚ ਰਲ ਗਏ ਨੇ, ਉਸੇ ਤਰ੍ਹਾਂ ਵਾਰਸ ਸ਼ਾਹ ਹੁਰੀਂ ਵੀ 'ਹੀਰ ਰਾਂਝੇ' ਦਾ ਕਿੱਸਾ ਮਨਜ਼ੂਮ ਕਰਕੇ ਗੈਰ-ਫਾਨੀ ਹੋ ਗਏ ਨੇ। ਲਾਤੀਨੀ ਵਿਚ 'ਵਰਜਿਲ' ਤੇ ਯੂਨਾਨੀ ਵਿਚ ਹੋਮਰ ਤਕਨੀਕੀ ਦੇ ਇਹਤ-ਬਾਰ ਨਾਲ ਬਹੁਤ ਮਿਲਦੇ ਜੁਲਦੇ ਨੇ। ਮਿਲਟਨ ਆਪਣੀ 'ਪੈਰਾਡਾਈਜ਼ ਲੌਸਟ' ਵਿਚ ਤਕਨੀਕ ਦੇ ਇਤਬਾਰ ਨਾਲ ਉਸੇ ਹੀ ਰਾਹ ਟੁਰਿਆ। ਵਾਰਸ ਸ਼ਾਹ ਨੇ ਤਕਨੀਕ ਵਿਚ ਅਸਾਨੀ ਨਾਲੋਂ ਮੁਸ਼ਕਲ-ਪਸੰਦੀ ਦੀ ਰਾਹ ਫੜੀ ਤੇ ਉਸ ਹੀ ਮੁਸ਼ਕਲ-ਪਸੰਦੀ ਤੇ ਪਾਬੰਦੀ ਨੇ ਉਨ੍ਹਾਂ ਨੂੰ ਮਿਲਟਨ ਤੇ ਹੋਮਰ ਨਾਲੋਂ ਵੱਡਾ ਸ਼ਾਇਰ ਬਣਾ ਦਿਤਾ।

ਸਾਡੇ ਕੁਝ ਪੜ੍ਹੇ ਲਿਖੇ ਵਾਰਸ ਸ਼ਾਹ ਦਾ ਮੁਕਾਬਲਾ ਸ਼ੇਕਸਪੀਅਰ ਨਾਲ ਕਰਦੇ ਨੇ। ਇਹ ਠੀਕ ਐ ਜੇ ਸਾਡੇ ਕੁਝ ਲਿਖੇ ਪੜ੍ਹੇ ਲੋਕਾਂ ਦੀ ਸਾਡੇ ਨਿਸਾਬ ਤਾਲੀਮ ਦੇ ਰਾਹ ਸ਼ੇਕਸ-ਪੀਅਰ ਨਾਲ ਵਾਰਸ ਸ਼ਾਹ ਨਾਲੋਂ ਬਹੁਤੀ ਵਾਕਫੀਅਤ ਏ, ਪਰ ਔਹ ਕਿਧਰ ਦਾ ਇਨਸਾਫ ਏ ਜੇ ਮੁੰਦਰੀ ਦੇ ਵਿਚੋਂ ਦੀ ਲੰਘ ਜਾਣ ਵਾਲੇ ਢਾਕੇ ਦੀ ਮਲਮਲ ਦੇ ਥਾਨ ਦਾ ਖੋਤੇ ਦੇ ਲੱਦੇ ਬਰਾਬਰ ਵਜ਼ਨ ਵਾਲੇ 'ਹੈਰਸ ਟਵੀਡ' ਦੇ ਮੋਟੇ ਖੁਰਦਰੇ ਤੇ ਭਾਰੇ ਥਾਨ ਨਾਲ ਮੁਕਾਬਲਾ ਕੀਤਾ ਜਾਵੇ? ਕਿਥੇ ਵਾਰਸ ਸ਼ਾਹ ਤੇ ਕਿਥੇ ਸ਼ੇਕਸਪੀਅਰ?

ਸ਼ੇਕਸਪੀਅਰ ਦੀ ਅਜ਼ਮਤ ਦਾ ਰਾਜ਼ ਐਸ ਗੱਲ ਵਿਚ ਨਹੀਂ ਕਿ ਉਨ੍ਹਾਂ ਗੱਡੇ 'ਤੇ ਲੱਦਣ ਜਿੰਨੀਆਂ ਕਿਤਾਬਾਂ ਲਿਖੀਆਂ, ਅਸਲ ਵਿਚ ਇਹ ਹੈ ਕਿ ਉਹਦੀ ਕੌਮ ਨੇ ਉਹਨੂੰ ਜ਼ਿੰਦਾ ਰਖਿਆ ਏ। ਅੰਗਰੇਜ਼ ਜਿਥੇ ਜਿਥੇ ਜਿਥੇ ਗਏ, ਸ਼ੇਕਸਪੀਅਰ ਨੂੰ ਨਾਲ ਲੈ ਕੇ ਗਏ। ਮਹਿਕੂਮ ਲੋਕ ਤੇ ਹਾਕਮਾਂ ਦੇ ਨਾਲ ਆਏ ਹੋਏ ਕੁੱਤੇ ਨੂੰ ਵੀ ਪਿਆਰ ਕਰ ਕਰਕੇ ਫਾਵੇ ਹੋ ਜਾਂਦੇ ਨੇ। ਸ਼ੇਕਸਪੀਅਰ ਤੇ ਫੇਰ ਹਾਕਮਾਂ ਦਾ ਕੌਮੀ ਕਵੀ ਸੀ, ਜਿਹਦੀਆਂ ਕਿਤਾਬਾਂ ਇੰਜੀਲ ਤੋਂ ਬਾਅਦ ਅੰਗਰੇਜ਼ਾਂ ਵਿਚ ਸਭ ਤੋਂ ਜ਼ਿਆਦਾ ਮਕਬੂਲ ਨੇ। ਅਸਾਂ ਉਹਨੂੰ ਹੱਸ ਕੇ ਸਿਰ ਮੱਥੇ 'ਤੇ ਬਿਠਾ ਲਿਆ। ਪੜ੍ਹਨ ਪੜ੍ਹਾਉਣ ਦੀ ਕੀ ਲੋੜ ਏ? ਜਿਹਨੂੰ ਹਾਕਮਾਂ ਚੰਗਾ ਅਖਿਆ ਅਸੀਂ ਆਮੀਨ ਕਿਉਂ ਨਾ ਆਖਦੇ? ਖੁਦ ਉਹਦੇ ਮੁਲਕ ਵਿਚ ਉਹਦੀ ਕੌਮ ਨੇ ਉਹਦੀਆਂ ਤਮਾਮ ਜਗ੍ਹਾ ਨੂੰ ਜਿਥੇ ਜਿਥੇ ਉਹ ਰਿਹਾ ਏ, ਤਾਰੀਖੀ ਮੁਕਾਮਾਤ ਕਰਾਰ ਦੇ ਦਿਤਾ ਏ। ਉਹਦੇ ਨਾਂ 'ਤੇ ਕਈ ਅਕਾਦਮੀਆਂ ਤੇ ਅੰਜਮਨਾਂ ਬਣੀਆਂ ਹੋਈਆਂ ਨੇ, ਜਿਨ੍ਹਾਂ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਏ। ਹਰ ਵਰ੍ਹੇ ਉਹਦੇ ਜਨਮ ਅਸਥਾਨ ਪਿੰਡ ਵਿਚ ਕਈ ਦਿਨਾਂ ਦਾ ਮੇਲਾ ਲਗਦਾ ਏ। ਡਾਕ ਦੀਆਂ ਟਿਕਟਾਂ, ਤਸਵੀਰਾਂ ਵਾਲੇ ਕਾਰਡ ਤੇ ਉਹਦੀਆਂ ਕਿਤਾਬਾਂ ਹਜ਼ਾਰਾਂ ਲੱਖਾਂ ਛਪਦੀਆਂ ਤੇ ਵਿਕਦੀਆਂ ਨੇ। ਕਈ ਡਰਾਮਾ ਕਲੱਬਾਂ ਉਹਦੇ ਨਾਂ 'ਤੇ ਬਣੀਆਂ ਨੇ, ਜੋ ਮੁਲਕ ਮੁਲਕ ਤੇ ਸ਼ਹਿਰ ਸ਼ਹਿਰ ਉਹਦੇ ਡਰਾਮੇ ਖੇਡਦੀਆਂ ਤੇ ਦੁਨੀਆਂ ਨੂੰ ਸ਼ੇਕਸਪੀਅਰ ਨਾਲ ਮੁਤਾਰਫ ਕਰਾਉਂਦੀਆਂ ਨੇ (ਇਕ ਏਸ ਤਰ੍ਹਾਂ ਦੀ ਡਰਾਮਾ ਟੀਮ 1954-55 ਵਿਚ ਪਾਕਿਸਤਾਨ ਆਈ ਸੀ ਤੇ ਉਨ੍ਹਾਂ ਮੁਖ਼ਤਲਿਫ ਸ਼ਹਿਰਾਂ ਵਿਚ ਸ਼ੇਕਸਪੀਅਰ ਦੇ ਡਰਾਮੇ ਸਟੇਜ ਕੀਤੇ ਸਨ)। ਤੁਸੀਂ ਆਪ ਦੱਸੋ ਸ਼ੇਕਸਪੀਅਰ ਕਿਉਂ ਨਾ ਅਜ਼ੀਮ ਹੋਵੇ। ਇਕ ਆਪਣੇ ਵਾਰਸ ਸ਼ਾਹ ਹੁਰੀਂ ਨੇ ਜਿਨ੍ਹਾਂ ਦੇ ਢੇਰੀ 'ਤੇ ਰੋਜ਼ ਦੀਵਾ ਵੀ ਨਹੀਂ ਬਲਦਾ ਤੇ ਉਹ ਅਜ ਤਕ ਹਨੇਰੇ ਵਿਚ ਈ ਸਾਹ ਘੁੱਟੀ ਪਏ ਨੇ।

ਇਕ ਭੈਣ ਅੰਮ੍ਰਿਤਾ ਪ੍ਰੀਤਮ ਏ, ਜਿਸ ਰੋ ਰੋ ਕੇ ਉਹਦੀ ਦੁਹਾਈ ਦਿਤੀ ਤੇ ਭਾਵੇਂ ਆਪਣੇ ਆਪ ਤੇ ਸਾਰੇ ਹਿੰਦੋਸਤਾਨੀ ਪ੍ਰੈਸ ਦੇ ਬੂਹੇ ਬੰਦ ਕਰਵਾ ਲਏ, ਹਜ਼ਾਰ ਕੌੜੀਆਂ ਕਸੈਲੀਆਂ ਵੀ ਸੁਣੀਆਂ ਪਰ ਵਾਰਸ ਸ਼ਾਹ ਹਾਤਾਂ ਨੂੰ ਤਕੀਏ ਤੇ ਚੁਪਾਲ ਵਿਚੋਂ ਕੱਢ ਕੇ ਸ਼ਹਿਰ ਦੀਆਂ ਪੱਕੀਆਂ ਸੜਕਾਂ ਉਤੇ ਲੈ ਆਈ ਤੇ ਸਾਡੇ ਮੁਲਕ ਦੇ ਬਹੁਤ ਸਾਰੇ ਲਿਖਿਆਂ ਪੜ੍ਹਿਆਂ ਲੋਕਾਂ



ਵਾਰਸ ਸ਼ਾਹ

ਨੂੰ ਦੱਸ ਗਈ, ਜੇ ਵਾਰਸ ਸ਼ਾਹ ਹੁਰੀਂ ਵੀ ਕੋਈ ਬਜ਼ੁਰਗ ਸਨ ਤੇ ਪੰਜਾਬ ਨਾਲ ਵੀ ਉਨ੍ਹਾਂ ਦਾ ਕੁਝ ਤੁਅੱਲਕ ਸੀ।

ਹਿੰਦੋਸਤਾਨ ਦੀ ਗੱਲ ਛੱਡ ਦਿਓ। ਇਧਰ ਕਿਤੇ ਕਿਤੇ ਕੋਈ ਟਾਂਵਾਂ ਟਾਂਵਾਂ ਬੰਦਾ ਏ ਜਿਸ ਵਾਰਸ ਸ਼ਾਹ 'ਤੇ ਕੁਝ ਕੰਮ ਕੀਤਾ ਏ ਤੇ ਅਜ ਤਕ ਕੀਤਾ ਹੋਇਆ ਸਾਰਾ ਕੰਮ ਵੀ ਇਕੱਠਾ ਕਰ ਲਈਏ ਤੇ ਪੰਜਾਬੀ ਉਸ ਅਜ਼ੀਮ ਤੇ ਲਾਫਾਨੀ ਸ਼ਾਇਰ ਦੇ ਅਥਰੂ ਪੂੰਝਣ ਦੇ ਬਰਾ-ਬਰ ਵੀ ਨਹੀਂ। ਕੁਝ ਲੋਕ ਵਾਰਸ ਸ਼ਾਹ ਹੁਰਾਂ ਦੀ ਹੀਰ ਛਾਪ ਛਾਪ ਕੇ, ਉਹਦਾ ਨਾਂ ਵੇਚ ਵੇਚ ਖਾਂਦੇ ਰਹੇ। ਇਹੋ ਜਿਹੇ ਕਾਰੋਬਾਰੀ ਨੁਕਤਾਇ-ਨਜ਼ਰ ਨਾਲ ਕੀਤੇ ਹੋਏ ਕੰਮ ਨਾਲ ਵਾਰਸ ਸ਼ਾਹ ਦੀ ਜਾਂ ਪੰਜਾਬੀ ਜ਼ਬਾਨ ਦੀ ਕੀ ਖਿਦਮਤ ਹੋਣੀ ਸੀ— ਉਲਟਾ ਨੁਕਸਾਨ ਹੋਇਆ ਮੁਲਕੀ ਵੰਡ ਤੋਂ। ਹੁਣ ਤਕ ਸਾਡੇ ਵਲ ਦੋ ਹੀ ਚੀਜ਼ਾਂ ਸਾਹਮਣੇ ਆਈਆਂ ਨੇ, ਜਿਨ੍ਹਾਂ ਨੂੰ ਕੁਝ ਕੰਮ ਸਮਝਿਆ ਜਾਂ ਆਖਿਆ ਜਾ ਸਕਦਾ ਏ। ਇਕ ਚੌਧਰੀ ਮੁਹੰਮਦ ਅਫਜ਼ਲ ਖਾਂ, ਐਡੀਟਰ 'ਪੰਜ ਦਰਿਆ' ਦੀ ਐਡਿਟ ਕੀਤੀ ਹੋਈ ਹੀਰ ਤੇ ਦੂਸਰੀ ਪੰਜਾਬੀ ਅਦਬੀ ਅਕਾਦਮੀ ਦੀ ਸ਼ਾਇਆਸ਼ੁਦਾ ਹੀਰ। ਇਨ੍ਹਾਂ ਕਿਤਾਬਾਂ ਬਾਰੇ ਕੋਈ ਗੱਲ ਕਰਨ ਦੀ ਇਥੇ ਲੋੜ ਨਹੀਂ। ਚਲੋ ਕੰਮ ਤੇ ਲਈਏ। ਇਹਦੇ ਇਲਾਵਾ ਕਿਤੇ ਇੱਕਾ-ਦੁੱਕਾ ਕਿਸੇ ਰਸਾਲੇ ਦੇ ਐਡੀਟਰ ਦੀ ਫਰਮਾਇਸ਼ 'ਤੇ ਲਿਖਿਆ ਹੋਇਆ ਵਾਰਸ ਸ਼ਾਹ ਹੁਰਾਂ 'ਤੇ ਕੋਈ ਮਜ਼ਮੂਨ ਏ। ਪਿਛਲੇ ਵਰ੍ਹੇ ਮਜਲਸ ਵਾਰਸ ਸ਼ਾਹ ਦਾ ਨਾਂ ਵੀ ਸੁਣਨ ਵਿਚ ਆਇਆ ਏ। ਕੁਝ ਵੀ ਨਾ ਹੋਵੇ ਤਾਂ ਔਹ ਤੇ ਹੋਵੇਗਾ ਜੇ ਕੁਝ ਪੜ੍ਹੇ ਲੋਕ ਵੀ ਹਰ ਸਾਲ ਜਾ ਕੇ ਵਾਰਸ ਸ਼ਾਹ ਹੁਰਾਂ ਦੀ ਢੇਰੀ 'ਤੇ ਫੁੱਲਾਂ ਦੀ ਚਾਦਰ ਚਾੜ੍ਹ ਆਇਆ ਕਰਨਗੇ ਤੇ ਇਕ ਦੀਵਾ ਬਾਲ ਦੇਣ ਕਰਨਗੇ। ਨਹੀਂ 'ਤੇ ਏਦੋਂ ਵੱਡਾ ਜ਼ੁਲਮ ਕੀ ਏ, ਜੇ ਵਾਰਸ ਸ਼ਾਹ ਜਿਨ੍ਹਾਂ ਹਰ ਪੰਜਾਬੀ ਬੋਲਣ ਵਾਲੇ ਘਰ ਵਿਚ ਆਪਣੇ ਲਹੂ ਦੇ ਦੀਵੇ ਬਾਲੇ ਹੋਏ ਨੇ, ਆਪ ਹਨੇਰੇ ਵਿਚ ਪਏ ਰਮਨ।

(ਲਿਪਾਂਤਰਕਾਰ : ਚਰਨ ਸਿੰਘ ਸਿਧਰਾ)

ਮਿਤੱਰਾ, ਤੇਰੇ ਹੱਸਿਆਂ, ਗੁੰਚੇ, ਫੁੱਲ ਬਣਕੇ ਖਿੜ ਜਾਂਦੇ।
ਪਵੇ ਫੁਆਰ ਸਾਉਣ ਦੀ ਜੀਕਣ, ਈਕਣ ਤੇਰੀ ਕੂਣੀਂ।

ਏਕਾ

ਸੁਖਪਾਲ

ਦੋਨ੍ਹਾਂ ਵਿੱਚ ਕੋਈ ਨਹੀਂ ਲੜਾਈ
ਹਿੰਦੂ ਸਿੱਖ ਹਨ ਭਾਈ ਭਾਈ।

ਹਿੰਦੂਓ ਕਿਹੜੇ ਵੇਦ ਚੋਂ ਪੜ੍ਹਿਆ
ਕਿ ਸਿੱਖਾਂ ਸੰਗ ਜਾਵੇ ਲੜਿਆ।
ਸਿੱਖੋ ਕਿਹੜੇ ਗੁਰੂ ਸਿਖਾਇਆ
ਕਿ ਹਿੰਦੂਆਂ ਦਾ ਕਰੋ ਸਫਾਇਆ।
ਵੇਦ ਨਾ ਆਖੇ ਗੁਰੂ ਨਾ ਆਖੇ
ਫਿਰ ਕਿਸ ਪੁੱਠੀ ਫੱਟੀ ਪੜ੍ਹਾਈ
ਜਿਸ ਪੜ੍ਹਾਈ ਸਮਝੋ ਬਸ ਉਹ
ਧਰਮ ਦੇ ਬੁਰਕੇ ਵਿੱਚ ਕਸਾਈ।
ਨਾ ਹਿੰਦੂ ਨਾ ਸਿੱਖ ਕਸਾਈ।
ਹਿੰਦੂ ਸਿੱਖ ਹਨ ਭਾਈ ਭਾਈ।

ਆਪਸ ਵਿਚ ਜੋ ਲੜਦੇ ਪਏ ਓ
ਆਤਮ-ਹਤਿਆ ਕਰਦੇ ਪਏ ਓ
ਕਿਸ ਦੀ ਰਾਖੀ ਕਰਦੇ ਪਏ ਓ
ਜੇਸ ਅਹੂਤੀ ਚੜ੍ਹਦੇ ਪਏ ਓ
ਇਹ ਅਹੂਤੀ ਲਹੂ ਪੀਣਿਆਂ
ਰਾਖਸ਼ਾਂ ਨੇ ਹੈ ਬਣਾਈ।
ਪਾ ਕੇ ਹਿੰਦੂ ਸਿੱਖ ਲੜਾਈ
ਦੋਨ੍ਹਾਂ ਨੂੰ ਉਹ ਜਾਵਣ ਖਾਈ।
ਸੋਚੋ ਤਾਂ ਇਤਹਾਸ ਫਰੋਲੋ
ਹਿੰਦੂ ਸਿੱਖ ਹਨ ਭਾਈ ਭਾਈ।

ਹਿੰਦੂ ਮਰਦਾ ਜਾਂ ਸਿੱਖ ਮਰਦਾ
ਚਿਖਾ ਦੇ ਵਿਚ ਤਾਂ ਭਾਰਤ ਜਲਦਾ
ਕੌਮ ਹੈ ਜਲਦੀ ਦੇਸ਼ ਹੈ ਸੜਦਾ।
ਮਰਦਾ ਦੱਸੋ ਕੀ ਨਾ ਕਰਦਾ।
ਸੁੱਟੋ ਉਨ੍ਹਾਂ ਨੂੰ ਇਸ ਚਿਖਾ ਵਿੱਚ
ਜਿਨ੍ਹਾਂ ਨੇ ਇਹ ਚਿਖਾ ਬਣਾਈ
ਨਾ ਹਿੰਦੂ ਨਾ ਸਿੱਖ ਜਲਣ ਗੇ
ਹਿੰਦੂ ਸਿੱਖ ਹਨ ਭਾਈ ਭਾਈ।

ਉਹ ਜੋ ਲੀਕ ਮਜ਼੍ਹਬ ਦੀ ਵਾਹ ਕੇ
ਭਾਈਆਂ ਦੇ ਸੰਗ ਭਾਈ ਲੜਾਕੇ
ਧਰਮ ਦੇ ਠੇਕੇਦਾਰ ਕਹਾਉਂਦੇ
ਕੌਮਾਂ ਦੇ ਸਰਦਾਰ ਕਹਾਉਂਦੇ
ਉਨ੍ਹਾਂ ਦਾ ਧਰਮ ਈਮਾਨ ਕੋਈ ਨਾ
ਮਾਨਵਤਾ ਦੇ ਉਹ ਕਸਾਈ
ਮਾਨਵ ਹਿੰਦੂ ਮਾਨਵ ਸਿੱਖ ਹੈ
ਮਾਨਵ ਤਾਂ ਹਨ ਭਾਈ ਭਾਈ।

ਕੌਣ ਹੈ ਹਿੰਦੂ ਸਿੱਖ ਹੈ ਕੇਹੜਾ
ਏਸ ਗਲ ਦਾ ਕੋਈ ਨ ਝੇੜਾ
ਝੇੜਾ ਹੈ ਕਿ ਭਾਗੋ ਕੇਹੜਾ
ਲਾਲੋ ਦੇ ਹੱਕ ਦਾ ਲੁਟੇਰਾ
ਭਾਗੋ ਨੇ ਮੂੰਹ ਢਕਣ ਦੀ ਖਾਤਰ
ਮਜ਼੍ਹਬਾਂ ਵਾਲੀ ਵੰਡੀ ਪਾਈ
ਲਾਲੋ ਹਿੰਦੂ ਲਾਲੋ ਸਿੱਖ ਹੈ
ਲਾਲੋ ਸਾਡੇ ਭਾਈ ਭਾਈ।

ਰੂਹ ਜੋ ਕਿਰਤ ਨੂੰ ਲੁੱਟ ਰਹੇ ਨੇ।
ਜ਼ੋਰਾਂ ਵਾਂਗੂੰ ਬੁੱਕ ਰਹੇ ਨੇ।
ਰੂਹ ਮੁਕ ਜਾਣੇ ਮੁਕ ਰਹੇ ਨੇ।
ਕਿਰਤੀ ਉੱਠਦੇ ਉਠ ਰਹੇ ਨੇ
ਕਿਰਤੀ ਲੋਕ ਜਗਤ ਦੇਘਾੜੇ
ਲੋਕਾਂ ਹੀ ਤਵਾਰੀਖ ਬਣਾਈ
ਲੋਕੀ ਹਿੰਦੂ ਮੁਸਲਮ ਸਿੱਖ ਹੈ
ਲੋਕੀ ਤਾਂ ਹਨ ਭਾਈ ਭਾਈ

ਦੁਨੀਆਂ ਵਿਚ ਬਸ ਇੱਕ ਲੜਾਈ
ਲਾਲੋ ਭਾਗੋ ਵਿੱਚ ਲੜਾਈ
ਕਿਰਤੀਆਂ ਅਤੇ ਲੁਟੇਰਿਆਂ ਦੇ ਵਿਚ
ਚਾਨਣਾਂ ਅਤੇ ਹਨੇਰਿਆਂ ਦੇ ਵਿੱਚ
ਲੁਟੇਰਿਆਂ ਮਿਲ ਕੇ ਘੜੀ ਇਹ ਸਾਜ਼ਸ਼
ਕਿਰਤੀ ਜਾਵਣ ਹਾਰ ਲੜਾਈ
ਏਸੇ ਲਈ ਭੜਕਾਉਂਦੇ ਪਏ ਉਹ
ਮਜ਼੍ਹਬਾਂ ਦੇ ਵਿਚਕਾਰ ਲੜਾਈ।

ਹਿੰਦੂ ਕਿਰਤੀ ਸਿੱਖ ਹੈ ਕਿਰਤੀ
ਕਿਰਤੀਆਂ ਵਿਚ ਕੋਈ ਨਹੀਂ ਲੜਾਈ
ਕਿਰਤੀ ਤਾਂ ਹਨ ਭਾਈ ਭਾਈ
ਦੋਨ੍ਹਾਂ ਵਿਚ ਕੋਈ ਨਹੀਂ ਲੜਾਈ
ਹਿੰਦੂ ਸਿੱਖ ਹਨ ਭਾਈ ਭਾਈ।

ਬਚਿਆਂ ਲਈ



ਬੁੱਝ ਸਕੇਂ ਤਾ ਬੁੱਝੋ


1. ਕੰਧ ਤੇ ਹਦਵਾਣਾ
ਨਾਂ ਭੰਨਣਾ ਨਾ ਖਾਣਾ
2. ਦੋ ਕਬੂਤਰ ਉਡਦੇ ਜਾਂਦੇ
ਵਿੱਚ ਅਕਾਸ਼ ਦੇ ਤਾਰੀਆਂ ਲਾਂਦੇ
ਸਾਰੀ ਦੁਨੀਆਂ ਗਾਹ ਕੇ ਆਂਦੇ
ਪਰ ਉਹ ਬਾਹਰ ਪੈਰ ਨਾ ਪਾਂਦੇ
3. ਇਤਨੀ ਕੁ ਡੱਬੀ
ਖੋ ਗਈ ਸਬੱਬੀਂ
ਮੁੜਕੇ ਨਾ ਲੱਭੀ

ਲੋਇਲ ਫਰਨੀਚਰ ਲਿ:

ਵਧੀਆ ਫਰਨੀਚਰ ਦਾ ਭੰਡਾਰ
'ਤੇ

ਸੁਪਰ ਸਪੈਸ਼ਲ ਸੇਲ!



ਵਧੀਆ ਫਰਨੀਚਰ ਦੀ ਚੋਣ 'ਚੋਂ ਖ੍ਰੀਦੋ :

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ

ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ੍ਰੀਦਣ ਦਾ ਸੁਨਹਿਰੀ ਮੌਕਾ

ਵਿਸ਼ੇਸ਼ ਸੂਚਨਾ

ਲੋਇਲ ਫਰਨੀਚਰ ਤੇ ਸੇਲ ਹਰ ਰੋਜ਼ ਨਹੀਂ ਲਗਦੀ ਪਰ ਇਨ੍ਹਾਂ ਦੀਆਂ ਰੈਗੂਲਰ ਕੀਮਤਾਂ ਵੀ ਲੋਕਾਂ ਦੀਆਂ ਰੰਗ ਬਰੰਗੀਆਂ ਸੇਲਾਂ ਨਾਲੋਂ ਘੱਟ ਹੁੰਦੀਆਂ ਹਨ। ਹਰ ਰੋਜ਼ ਵੰਨ ਸੁਵੰਨੇ ਨਾਵਾਂ ਥੱਲੇ ਲਗਦੀਆਂ ਸੇਲਾਂ ਦੀਆਂ ਕੀਮਤਾਂ ਸਾਡੀਆਂ ਰੈਗੂਲਰ ਕੀਮਤਾਂ ਦਾ ਵੀ ਮੁਕਾਬਲਾ ਨਹੀਂ ਕਰ ਸਕਦੀਆਂ। ਇਕ ਵਾਰ ਅਜ਼ਮਾਉਣ ਲਈ ਲੋਇਲ ਫਰਨੀਚਰ ਤੇ ਆਓ ਤੇ 'ਅਸਲ' ਅਤੇ 'ਨਕਲ' ਦਾ ਫੈਸਲਾ ਖੁਦ ਕਰੋ!

- ਵਧੀਆ ਕੁਆਲਿਟੀ
- ਵਾਜਬ ਕੀਮਤਾਂ ਤੇ
- ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

— ਲੋਇਲ ਫਰਨੀਚਰ

Loyal - The Most Trusted Name in Furniture Business.

LF

LOYAL FURNITURE LTD

Ph.: 879-8319 2707 Main Street,(at 11th Ave.) Vancouver, B.C. Ph.: 879-4813

ਵਾਈਟ ਪੇਪਰ ਵਿਚ ਸਰਕਾਰ ਨੇ ਅਹਿਮ ਤੱਥ ਛੁਪਾਏ

ਨਵੀਂ ਦਿੱਲੀ — ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਹੈਡਮਾਸਟਰ ਸੁਚਾ ਸਿੰਘ ਨੇ ਦੋਸ਼ ਲਗਾਇਆ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਬਾਰੇ ਵਾਈਟ ਪੇਪਰ ਵਿਚ ਬਹੁਤ ਸਾਰੇ ਅਹਿਮ ਤੱਥਾਂ ਨੂੰ ਲਕੋਇਆ ਹੈ।

ਇਥੇ ਜਾਰੀ ਕੀਤੇ ਗਏ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਵਾਈਟ ਪੇਪਰ ਵਿਚ ਨਿਰੰਕਾਰੀ ਸਿਖ ਝਗੜੇ ਦੀ ਗੱਲ ਤਾਂ ਕੀਤੀ ਹੈ ਪ੍ਰੰਤੂ 13 ਅਖੰਡ ਕੀਰਤਨੀ ਸਿੰਘਾਂ ਦੇ ਕਤਲ ਦੀ ਗੱਲ ਛੁਪਾ ਗਈ ਹੈ। ਇਸ ਕਤਲ ਕਾਂਡ ਵਿਚੋਂ ਬਾਬਾ ਗੁਰਬਚਨ ਸਿੰਘ ਅਤੇ ਉਸਦੇ ਸਾਰੇ ਸਾਥੀ ਕਿਵੇਂ ਬਰੀ ਹੋਏ, ਇਸ ਗੱਲ ਨੂੰ ਵੀ ਸਪਸ਼ਟ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਕਾਨ੍ਹਪੁਰ ਵਿਚ ਨਿਰੰਕਾਰੀਆਂ ਵਿਰੁਧ ਵਿਖਾਵੇ ਸਮੇਂ ਅੱਠ ਅਤੇ ਦਿੱਲੀ ਵਿੱਚ ਤਿੰਨ ਸਿੰਘਾਂ ਦੇ ਪੁਲੀਸ ਹੱਥੋਂ ਮਾਰੇ ਜਾਣ ਦੀ ਗੱਲ ਬਿਲਕੁਲ ਹੀ ਵਾਈਟ ਪੇਪਰ ਵਿਚ ਨਹੀਂ ਆਈ।

ਉਨ੍ਹਾਂ ਕਿਹਾ ਕਿ ਵਾਈਟ ਪੇਪਰ ਵਿਚ ਦਹਿਸ਼ਤਪਸੰਦੀ ਦੇ ਉਭਾਰ ਅਤੇ ਇਸਦੇ ਲਈ ਜ਼ਿੰਮੇਵਾਰ ਬੰਦਿਆਂ ਦੀ ਕਿਧਰੇ ਗੱਲ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਏਸ਼ਆਈ ਖੇਡਾਂ ਸਮੇਂ ਅਤੇ ਇਸ ਸਾਲ ਫਰਵਰੀ ਵਿਚ ਹਰਿਆਣਾ ਵਿਚ ਵਾਪਰੀਆਂ ਘਟਨਾਵਾਂ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਵਾਪਰੀਆਂ ਘਟਨਾਵਾਂ ਬਾਰੇ ਵੀ ਵਾਈਟ ਪੇਪਰ ਚੁੱਪ ਹੈ।

ਸ੍ਰੀ ਸੁਚਾ ਸਿੰਘ ਨੇ ਜਾਨਣਾ ਚਾਹਿਆ ਹੈ ਕਿ ਪੰਜਾਬ ਬਾਰੇ ਵਾਈਟ ਪੇਪਰ ਜਾਰੀ ਕਰਨ ਸਮੇਂ ਸਰਕਾਰ ਹਿੰਦੂ ਸੁਰਖਿਆ ਸੰਮਤੀ ਅਤੇ ਦੂਸਰੀਆਂ ਕੱਟੜ ਫਿਰਕੂ ਹਿੰਦੂ ਜਥੇਬੰਦੀਆਂ ਦੀਆਂ ਸਰਗਰਮੀਆਂ ਕਿਉਂ ਛੁਪਾ ਗਈ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਇਸ ਸਭ ਕੁਝ ਦਾ ਉਦੇਸ਼ ਕੇਵਲ ਸਰਕਾਰ ਵਲੋਂ ਆਪਣੀਆਂ ਵਖਰੇਵੇਂ ਵਾਲੀਆਂ ਨੀਤੀਆਂ ਅਗਾਂਹ ਵਧਾਉਣ ਅਤੇ ਫੌਜੀ ਕਾਰਵਾਈ ਨੂੰ ਜਾਇਜ਼ ਠਹਿਰਾਉਣਾ ਹੈ।

ਊਸ਼ਾ, ਤਮਗਾ ਜਿੱਤਣ ਦਾ ਮਾਣ ਪ੍ਰਾਪਤ ਕਰੇਗੀ ?

ਲਾਸ ਏਂਜਲਸ, 21 ਜੁਲਾਈ (ਏ. ਐਫ.ਪੀ.)—ਇਥੇ ਓਲੰਪਿਕ ਖੇਡਾਂ ਵਿਚ ਭਾਗ ਲੈਣ ਲਈ ਆਈ 8 ਮੈਂਬਰੀ ਭਾਰਤੀ ਅਥਲੈਟਿਕ ਟੋਲੀ ਦੇ ਕੋਚ ਓ. ਐਸ. ਨਾਂਬਿਆਰ ਨੂੰ ਆਸ ਹੈ ਕਿ ਕੇਰਲਾ ਦੀ ਪੀ. ਟੀ. ਊਸ਼ਾ ਓਲੰਪਿਕ ਵਿਚ ਕੋਈ ਤਮਗਾ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਹੋਵੇਗੀ।

ਊਸ਼ਾ, ਜੋ ਕਿ 400 ਮੀਟਰ ਹਰਡਲਜ਼ ਮੁਕਾਬਲੇ ਵਿਚ ਹਿੱਸਾ ਲਵੇਗੀ, ਬਾਰੇ ਕਿਹਾ ਜਾਂਦਾ ਹੈ ਕਿ ਜੇਕਰ ਓਲੰਪਿਕਸ ਵਿਚ ਉਸ ਨੇ ਇਸ ਦੌੜ ਨੂੰ ਪੂਰਾ ਕਰਨ ਵਿਚ 55 ਸੈਕਿੰਡ ਲਏ ਤਾਂ ਉਹ ਕੋਈ ਤਮਗਾ ਜ਼ਰੂਰ ਹਾਸਲ ਕਰ ਲਵੇਗੀ।



ਕਰਜ਼ਿਆਂ ਦੀ ਵਸੂਲੀ ਸਖਤੀ ਨਾਲ ਜਾਰੀ

ਪੱਟੀ — ਤਰਨਤਾਰਨ ਸਬ ਡਵੀਜ਼ਨ ਵਿਚ ਕਰਜ਼ਿਆਂ ਦੀ ਵਸੂਲੀ ਦਾ ਕੰਮ ਪੂਰੀ ਸਖਤੀ ਨਾਲ ਹੋ ਰਿਹਾ ਹੈ। ਇਹ ਜਾਣਕਾਰੀ ਕੁਲਵੰਤ ਸਿੰਘ ਕਾਰਜਕਾਰੀ ਮੈਜਿਸਟਰੇਟ ਤਰਨਤਾਰਨ ਨੇ ਦਿਤੀ ਅਤੇ ਕਿਹਾ ਕਿ ਸਹਿਕਾਰੀ ਵਿਭਾਗ ਅਤੇ ਰੈਵੀਨਿਊ ਵਿਭਾਗ ਦੇ ਅਧਿਕਾਰੀਆਂ ਦੀ ਮਦਦ ਨਾਲ ਪਿੰਡਾਂ ਵਿਚ ਛਾਪੇ ਮਾਰ ਰਹੇ ਹਨ ਅਤੇ ਡੀਫਾਲਟਰਾਂ ਨੂੰ ਹਵਾਲਾਤ ਵਿਚ ਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕਾਫੀ ਪੇਂਡੂ ਕਿਸਾਨ, ਜੋ ਕਰਜ਼ੇ ਮੋੜਨ ਤੋਂ ਇਨਕਾਰੀ ਸਨ, ਗ੍ਰਿਫਤਾਰ ਕੀਤੇ ਗਏ ਹਨ।

(ਪੰਨਾ/3 ਦੀ ਬਾਕੀ)

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਔਰੰਗਜ਼ੇਬ ਵੱਲ ਲਿਖੀ ਚਿੱਠੀ 'ਜ਼ਫ਼ਰਨਾਮਹ' ਵਿਚ ਸਪਸ਼ਟ ਕੀਤਾ ਹੋਇਆ ਹੈ :

ਚੂ ਕਾਰ ਅਜ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲਸਤ ਬੁਰਦਨ ਬ ਸ਼ਮਸ਼ੀਰ ਦਸਤ[5]

ਅਰਥਾਤ, ਹਰ ਝਗੜੇ ਨੂੰ ਸੁਲਹ-ਸਫ਼ਾਈ ਨਾਲ ਹੀ ਨਿਪਟਾਉਣਾ ਚਾਹੀਦਾ ਹੈ; ਸਿਰਤੋੜ ਜਤਨ ਕਰਨਾ ਚਾਹੀਦਾ ਹੈ ਕਿ ਜਿਸ ਹੀਲੇ ਵੀ ਮਾਮਲਾ ਰਫ਼ਾ-ਦਫ਼ਾ ਹੋ ਸਕਦਾ ਹੋਵੇ ਕੀਤਾ ਜਾਵੇ, ਪਰ ਜੇ ਹੋਰ ਕਿਸੇ ਤਰ੍ਹਾਂ ਉੱਕਾ ਹੀ ਕੋਈ ਹੱਲ ਨਾ ਨਿਕਲਦਾ ਹੋਵੇ ਤੇ ਤੁਹਾਨੂੰ ਵਿਸ਼ਵਾਸ ਹੋ ਜਾਵੇ ਕਿ ਇਸ ਹੱਕੀ ਗੰਢ ਨੂੰ ਖੋਲ੍ਹਣ ਦਾ ਹੁਣ ਹੋਰ ਕੋਈ ਸ਼ਾਂਤਮਈ ਚਾਰਾ ਨਹੀਂ ਰਹਿ ਗਿਆ ਤਾਂ ਫੇਰ ਤਲਵਾਰ ਵਾਲਾ ਰਾਹ ਧਾਰਨ ਕਰਨਾ ਧਾਰਮਿਕ ਤੌਰ ਉੱਤੇ ਜਾਇਜ਼ ਹੈ। ਮਾਨਤਾ ਦੋਹਾਂ ਰਾਹਾਂ ਨੂੰ ਦਿੱਤੀ ਗਈ ਹੈ, ਪਰ ਜਿਵੇਂ ਦਸਾਂ ਵਿੱਚੋਂ ਅੱਠ ਗੁਰੂ ਸਾਹਿਬਾਨ ਨੇ ਅਹਿੰਸਾ ਤੇ ਸ਼ਾਂਤੀ ਵਾਲਾ ਰਾਹ ਚੁਣਿਆ ਤੇ ਕੇਵਲ ਦੋ ਨੂੰ ਹੀ ਹਥਿਆਰ ਚੁੱਕਣ ਦੀ ਲੋੜ ਪਈ, ਉਸੇ ਤਰ੍ਹਾਂ ਸਿੱਖਾਂ ਲਈ ਵੀ ਗਾਡੀ-ਰਾਹ (norinal coutse) ਅਹਿੰਸਕ ਤੇ ਬੈਠ ਕੇ ਨਿਪਟਾਉਣ ਵਾਲਾ ਹੀ ਹੈ ਤੇ ਬਿਲਕੁਲ ਆਖਰੀ ਰਾਹ ਹਥਿਆਰ ਚੁੱਕਣ ਵਾਲਾ।

(ਚਲਦਾ)

ਖੇਡਾਂ ਦੀ ਦੁਨੀਆਂ

ਲਾਸ ਏਂਜਲਸ : 141 ਦੇਸ਼ਾਂ ਵਲੋਂ ਹੁੰਗਾਰਾ

ਲਾਸ ਏਂਜਲਸ, ਸੋਵੀਅਤ ਬਲਾਕ ਦੇ ਦੇਸ਼ਾਂ ਦੇ ਬਾਈਕਾਟ ਦੇ ਬਾਵਜੂਦ 141 ਦੇਸ਼ਾਂ ਨੇ ਲਾਸ ਏਂਜਲਸ ਓਲੰਪਿਕ ਖੇਡਾਂ ਵਿਚ ਭਾਗ ਲੈਣ ਲਈ ਸਹਿਮਤੀ ਪ੍ਰਗਟ ਕੀਤੀ ਹੈ ਜੋ ਕਿ ਇਕ ਰਿਕਾਰਡ ਹੈ। ਪਿਛਲੇ ਹਫਤੇ ਤਕ 142 ਦੇਸ਼ਾਂ ਦੇ ਓਲੰਪਿਆਡ 'ਚ ਸ਼ਾਮਲ ਹੋਣ ਦੀ ਸੰਭਾਵਨਾ ਸੀ ਪਰ ਅੱਪਰ ਵੋਲਟਾ ਵਲੋਂ ਇਕ ਬਰਤਾਨਵੀ ਟੀਮ ਦੇ ਦੱਖਣੀ ਅਫਰੀਕੀ ਦੌਰੇ ਵਿਰੁਧ ਰੋਸ ਵਜੋਂ ਓਲੰਪਿਕ ਦੇ ਬਾਈਕਾਟ ਦੇ ਐਲਾਨ ਕਾਰਨ ਇਹ ਗਿਣਤੀ ਘਟ ਕੇ 141 ਰਹਿ ਗਈ।

ਕੌਮਾਂਤਰੀ ਓਲੰਪਿਕ ਕਮੇਟੀ ਦੇ ਮੈਂਬਰ ਦੇਸ਼ਾਂ ਦੀ ਕੁੱਲ ਗਿਣਤੀ 158 ਹੈ ਜਿਸ ਵਿਚੋਂ ਸਿਰਫ 17 ਦੇਸ਼ 23ਵੇਂ ਓਲੰਪਿਕਸ ਵਿਚ ਹਿੱਸਾ ਨਹੀਂ ਲੈ ਰਹੇ।

ਇਸ ਤੋਂ ਪਹਿਲਾਂ 1972 ਵਿਚ ਮਿਊਨਿਖ (ਪੱਛਮੀ ਜਰਮਨੀ) ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਸਭ ਤੋਂ ਵੱਧ 122 ਦੇਸ਼ਾਂ ਦੇ ਖਿਡਾਰੀ ਸ਼ਰੀਕ ਹੋਏ ਸਨ ਜਦੋਂ ਕਿ 1968 ਵਿਚ ਮੈਕਸਿਕੋ ਵਿਚ ਹੋਈਆਂ ਇਨ੍ਹਾਂ ਖੇਡਾਂ ਵਿਚ 112 ਦੇਸ਼ਾਂ ਨੇ ਹਿੱਸਾ ਲਿਆ ਸੀ।

1976 ਵਿਚ ਮਾਂਟਰੀਅਲ (ਕੈਨੇਡਾ) ਵਿਚ ਤੇ 1980 ਵਿਚ ਮਾਸਕੋ (ਸੋਵੀਅਤ ਰੂਸ) 'ਚ ਹੋਈਆਂ ਓਲੰਪਿਕ ਖੇਡਾਂ ਨੂੰ ਬਾਈਕਾਟ ਦਾ ਸ਼ਿਕਾਰ ਹੋਣਾ ਪਿਆ।



ਕੈਨੇਡਾ ਵਿਚ ਸਿਰਫ 92 ਦੇਸ਼ਾਂ ਨੇ ਆਪਣੀਆਂ ਟੀਮਾਂ ਭੇਜੀਆਂ ਜਦੋਂ ਕਿ ਸੋਵੀਅਤ ਰੂਸ ਨੂੰ 81 ਦੇਸ਼ਾਂ ਦੀ ਸ਼ਮੂਲੀਅਤ ਨਾਲ ਹੀ ਗੁਜ਼ਾਰਾ ਚਲਾਉਣਾ ਪਿਆ।

ਇਸ ਵਾਰ ਜਿਹੜੇ ਦੇਸ਼ਾਂ ਨੇ ਓਲੰਪਿਕ ਦਾ ਬਾਈਕਾਟ ਕੀਤਾ ਹੈ, ਉਨ੍ਹਾਂ ਦੇ ਨਾਂ ਹਨ : ਸੋਵੀਅਤ ਰੂਸ, ਅਫਗਾਨਿਸਤਾਨ, ਅੰਗੋਲਾ, ਬੁਲਗਾਰੀਆ, ਕਿਊਬਾ, ਚੈਕੋਸਲਵਾਕੀਆ, ਇਥੋਪੀਆ, ਪੂਰਬੀ ਜਰਮਨੀ, ਹੰਗਰੀ, ਉਤਰੀ ਕੋਰੀਆ, ਲਾਓਸ, ਮੰਗੋਲੀਆ, ਪੋਲੈਂਡ, ਵੀਅਤਨਾਮ ਤੇ ਦੱਖਣੀ ਯਮਨ।

ਹੁਣ ਤੱਕ ਹੋਈਆਂ ਓਲੰਪਿਕ ਖੇਡਾਂ ਵਿਚ ਸ਼ਾਮਲ ਦੇਸ਼ਾਂ ਦੀ ਗਿਣਤੀ ਦਾ ਵੇਰਵਾ ਇਸ ਤਰ੍ਹਾਂ ਹੈ :

ਏਥਨਜ਼ (1896)–13 ਦੇਸ਼, ਪੈਰਿਸ (1900)–22 ਦੇਸ਼, ਸੇਂਟ ਲੂਈ (1904)–44, ਲੰਦਨ (1908)–22, ਸਟਾਕਹੋਮ (1912)–28, ਐਂਟਵਰਪ (1920)–29, ਪੈਰਿਸ (1924)–44, ਐਮਸਟਰਡਮ (1928)–46, ਲਾਸ ਏਂਜਲਜ਼ (1932)–37, ਬਰਲਿਨ (1936)–49, ਲੰਦਨ (1948)–59, ਹੇਲਸਿੰਕੀ (1952)–69, ਮੈਲਬੌਰਨ (1956)–67, ਰੋਮ (1960)–83, ਟੋਕੀਓ (1964)–93, ਮੈਕਸਿਕੋ (1968)–112, ਮਿਊਨਿਖ (1972)–122, ਮਾਂਟਰੀਅਲ (1976)–92 ਤੇ ਮਾਸਕੋ (1980)–81। —ਏ. ਪੀ.



ਸਿੱਖ ਧਰਮ ਤੇ ਸਿਆਸਤ

ਪ੍ਰੀਤਮ ਸਿੰਘ

ਇਹ ਲੇਖ ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਦਾ ਲਿਖਿਆ ਅਸੀਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਲੇਖ ਵਿਚ ਉਨ੍ਹਾਂ ਦਲੀਲ ਨਾਲ ਸਿੱਖ ਧਰਮ ਵਿਚ ਧਰਮ ਅਤੇ ਸਿਆਸਤ ਦੇ ਸੁਮੇਲ ਦੀ ਗੱਲ ਕੀਤੀ ਹੈ। ਇਹ ਲੇਖ ਉਨ੍ਹਾਂ ਉਤਰੀ ਅਮਰੀਕਾ ਦੀ ਸਿੱਖ ਕੌਂਸਲ ਦੇ ਕਹਿਣ ਤੇ ਲਿਖਿਆ ਹੈ। ਪ੍ਰੋਫੈਸਰ ਪ੍ਰੀਤਮ ਸਿੰਘ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਗਿਣੇ ਜਾਂਦੇ ਹਨ ਉਹ ਸ਼੍ਰੋਮਣੀ. ਗੁ: ਪ੍ਰ: ਕਮੇਟੀ ਦੇ ਧਾਰਮਿਕ ਮਾਮਲਿਆਂ ਬਾਰੇ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਰਹੇ ਹਨ। ਇਹ ਲੇਖ ਆਉਂਦੇ ਅੰਕਾਂ ਵਿਚ ਲੜੀਵਾਰ ਜਾਰੀ ਰਹੇਗਾ — ਸੰਪਾਦਕ।

ਮੈਂ ਉੱਤਰੀ ਅਮਰੀਕਾ ਦੀ ਸਿੱਖ ਕਾਉਂਸਿਲ ਦਾ ਸ਼ੁਕਰਗੁਜ਼ਾਰ ਹਾਂ ਕਿ ਉਸ ਨੇ ਆਪਣੇ ਸਾਲਾਨਾ ਸਮਾਗਮ ਦੇ ਵਿਸ਼ੇਸ਼ ਮੌਕੇ ਉੱਤੇ ਮੈਨੂੰ ਸਿੱਖ ਧਰਮ ਤੇ ਸਿਆਸਤ (politics) ਬਾਰੇ ਆਪਣੇ ਵਿਚਾਰ ਅੱਜ ਵਰਗੀ ਵਿਦਵਾਨ ਸੰਗਤ ਨਾਲ ਸਾਂਝੇ ਕਰਨ ਦਾ ਮੌਕਾ ਮੁਹੱਈਆ ਕੀਤਾ ਹੈ।

ਧਰਮ ਤੇ ਸਿਆਸਤ ਦੇ ਆਪਸੀ ਸੰਬੰਧਾਂ ਵਾਲਾ ਵਿਸ਼ਾ ਇਤਿਹਾਸ ਦਾ ਇਕ ਬੜਾ ਗੰਭੀਰ ਮਸਲਾ ਰਿਹਾ ਹੈ। ਅੱਜ ਵੀ ਕੋਈ ਵਿਰਲਾ ਖ਼ੁਸ਼ਕਿਸਮਤ ਦੇਸ ਹੋਵੇਗਾ ਜਿਸ ਵਿਚ ਧਰਮ ਤੇ ਸਿਆਸਤ ਪੂਰੀ ਤਰ੍ਹਾਂ ਕਦਮ ਮਿਲਾ ਕੇ ਚਲ ਰਹੇ ਹਨ ਜਾਂ ਇਕ ਨੇ, ਸੱਚੇ ਦਿਲੋਂ, ਦੂਜੇ ਦੀ ਈਨ ਮੰਨ ਲਈ ਹੈ।

ਵੇਖਣ ਨੂੰ ਤਾਂ ਭਾਵੇਂ ਲਗਦਾ ਹੋਵੇ ਕਿ ਕੁੱਝ ਕਮਿਊਨਿਸਟ ਦੇਸਾਂ ਵਿਚ ਸਿਆਸਤ ਧਰਮ ਦੀ ਪਿੱਠ ਲਾ ਕੇ ਆਪ ਉਸ ਦੀ ਹਿੱਕ ਉੱਤੇ ਸਵਾਰ ਹੋਣ ਵਿਚ ਸਫਲ ਹੋ ਚੁੱਕੀ ਹੈ ਤੇ ਇਸੇ ਤਰ੍ਹਾਂ ਇਸਰਾਈਲੀ, ਇਸਲਾਮੀ, ਈਸਾਈ ਜਾਂ ਬੋਧੀ ਦੇਸਾਂ ਬਾਰੇ ਵੀ ਲਗਦਾ ਹੋਵੇਗਾ ਕਿ ਧਰਮ, ਸਿਆਸਤ ਨੂੰ ਨੱਥ ਪਾਉਣ ਵਿਚ ਸਫਲ ਹੋ ਚੁੱਕਾ ਹੈ, ਪਰ ਜਿਨ੍ਹਾਂ ਨੂੰ ਇਨ੍ਹਾਂ ਦੇਸਾਂ ਵਿਚ ਜਾਣ ਦੇ ਮੌਕੇ ਮਿਲੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਅਜੇ ਧਰਮ ਤੇ ਸਿਆਸਤ ਦੇ ਮਾਮਲੇ ਵਿਚ ਦੂਹਾਂ ਤਰ੍ਹਾਂ ਦੇ ਦੇਸਾਂ ਵਿੱਚੋਂ ਕਿਸੇ ਨੂੰ ਤਣਾਉ-ਰਹਿਤ (tension-free) ਨਹੀਂ ਮੰਨਿਆ ਜਾ ਸਕਦਾ।

ਹਿੰਦੁਸਤਾਨ ਵਿਚ ਵੀ ਇਹ ਤਣਾਉ ਮੌਜੂਦ ਹੈ, ਪਰ ਉੱਥੇ ਇਸ ਦੀ ਪ੍ਰਕਿਰਤੀ (nature) ਵੱਖਰੀ ਹੈ, ਕਿਉਂਕਿ ਭਾਰਤੀ ਵਿਧਾਨ (constitution) ਦਾ ਮੁਹਾਂਦਰਾ ਜਮਹੂਰੀ ਸੈਕੂਲਰਤਾ (democratic secularism) ਵਾਲਾ ਹੈ, ਪਰ ਸੱਤਾਧਾਰੀ ਪਾਰਟੀ (party in power) ਸਮੇਤ, ਸ਼ਾਇਦ ਹੀ ਕੋਈ ਨਿਰੋਲ ਸਿਆਸੀ ਪਾਰਟੀ ਹੋਵੇਗੀ, ਜੋ ਵੋਟਾਂ ਅਟੇਰਨ ਲਈ, ਖੁੱਲ੍ਹੇ ਜਾਂ ਲੁਕਵੇਂ ਢੰਗ ਨਾਲ, ਧਰਮ ਦੀ ਵਰਤੋਂ ਨਹੀਂ ਕਰਦੀ। ਇਸੇ ਤਰ੍ਹਾਂ, ਭਾਰਤ ਦੀ ਬਹੁ-ਗਿਣਤੀ ਦੇ ਧਰਮ, ਅਰਥਾਤ ਹਿੰਦੂ ਧਰਮ ਸਮੇਤ, ਸ਼ਾਇਦ ਹੀ ਕੋਈ ਧਰਮ ਹੋਵੇਗਾ, ਜੋ ਆਪਣੇ ਹਿਤਾਂ ਦੀ ਖ਼ਾਤਰ, ਸਿਆਸੀ ਅਖਾੜੇ ਵਿਚ ਖੁੱਲ੍ਹਮ-ਖੁੱਲ੍ਹਾ ਨਹੀਂ ਉਤਰਦਾ।

ਇਸ ਅਖੀਰਲੀ ਵੰਨਗੀ ਵਿਚ ਸਿੱਖ ਵੀ ਸ਼ਾਮਿਲ ਹਨ ਕਿਉਂਕਿ ਇਨ੍ਹਾਂ ਉੱਤੇ ਦੂਸ਼ਣ ਲਾਇਆ ਜਾਂਦਾ ਹੈ ਕਿ ਇਹ ਲੋਕ ਭਾਰਤ ਦੇ ਅਜ਼ਾਦ ਹੋਣ ਤੋਂ ਪਿੱਛੋਂ ਵੀ ਸਿਆਸਤ ਨੂੰ ਧਾਰਮਿਕ ਬਾਣਾ (uniform) ਪੁਆਉਣ ਤੋਂ ਬਾਜ਼ ਨਹੀਂ ਆਉਂਦੇ।

ਇਸ ਅਲਜ਼ਾਮ ਦਾ ਜਵਾਬ ਦੇਣਾ ਬਣਦਾ ਹੈ। ਯੋਗ ਜਵਾਬ ਤਾਂ ਉਹ ਸਿੱਖ ਸੰਸਥਾਵਾਂ (bodies) ਹੀ ਦੇ ਸਕਦੀਆਂ ਹਨ, ਜੋ ਸਿੱਖ ਧਰਮ ਦੇ ਝੰਡੇ ਹੇਠ ਸਿਆਸੀ ਜੰਗ ਲੜਦੀਆਂ ਹਨ, ਪਰ ਕਿਉਂਕਿ ਅੱਜ ਸਿੱਖ ਸਵਾਲ ਬਹੁਤ ਭਖ ਕੇ ਸਾਹਮਣੇ ਆਇਆ ਹੋਇਆ ਹੈ, ਇਸ ਲਈ, ਕੀ ਭਾਰਤ ਵਿਚ ਤੇ ਕੀ ਭਾਰਤ ਤੋਂ ਬਾਹਰ, ਹਰ ਸਿੱਖ ਨੂੰ ਇਸ ਬਾਰੇ ਜਵਾਬਦਿਹ ਹੋਣਾ ਪੈ ਰਿਹਾ ਹੈ। ਸੋ ਜ਼ਰੂਰੀ ਹੈ ਕਿ ਪਹਿਲਾਂ ਇਸ ਬਾਰੇ ਹਰ ਇਕ ਸਿੱਖ ਆਪ ਸਪਸ਼ਟ ਹੋਵੇ। ਇਸ ਪੱਤਰ (paper) ਦੇ ਲਿਖੇ ਜਾਣ ਵੇਲੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ, ਜਿਹੜਾ 'ਧਰਮ-ਯੁੱਧ' ਚੱਲ ਰਿਹਾ ਹੈ, ਉਸ ਵਿਚ, ਦਲ ਦੇ ਦਾਅਵੇ ਅਨੁਸਾਰ, ਢਾਈ ਲੱਖ ਤੋਂ ਉੱਪਰ ਸਿੱਖ-ਸਿੱਖਣੀਆਂ ਗ੍ਰਿਫ਼ਤਾਰ ਹੋ ਚੁੱਕੀਆਂ ਹਨ ਤੇ ਢਾਈ ਸੌ ਤੋਂ ਉੱਪਰ ਪ੍ਰਾਣੀ ਆਪਣੀਆਂ ਜਾਨਾਂ ਦੀ ਬਲੀ (sacrifice) ਦੇ ਚੁੱਕੇ ਹਨ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਇਸ ਵੇਲੇ ਧਰਮ ਤੇ ਸਿਆਸਤ ਦਾ ਮਸਲਾ ਸਿੱਖਾਂ ਲਈ ਇਕ ਅਕਾਡਮਿਕ (academic) ਮਸਲਾ ਨਾ ਰਹਿ ਕੇ, ਨਾਜ਼ੁਕ ਜਜ਼ਬਾਤੀ ਮਸਲਾ, ਬਲਕਿ ਵਿਰੋਧੀ ਧਿਰਾਂ ਵਿਚ ਹਿੰਸਕ ਜ਼ੋਰ-ਅਜ਼ਮਾਈ ਦਾ ਮਸਲਾ ਬਣ ਗਿਆ ਹੈ।

ਇਸ ਭਖੇ-ਤਪੇ ਮਾਹੌਲ ਦੇ ਬਾਵਜੂਦ ਜਦੋਂ ਮੈਂ ਆਪ ਦੀ ਕਾਉਂਸਿਲ ਦੇ ਪ੍ਰਧਾਨ, ਡਾ. ਗੁਰਨਾਮ ਸਿੰਘ ਜੀ ਪੰਨੂੰ ਦਾ ਹੁਕਮ ਮੰਨ ਕੇ, ਸਿੱਖ ਸਰੋਤਿਆਂ ਦੇ ਸਨਮੁਖ, ਸਿੱਖ ਧਰਮ ਤੇ ਸਿਆਸਤ ਵਰਗੇ ਨਾਜ਼ੁਕ-ਬਣ-ਚੁੱਕੇ ਮਸਲੇ ਬਾਰੇ ਗੱਲ-ਬਾਤ ਕਰਨ ਦੀ ਹਾਮੀ ਭਰੀ ਤਾਂ ਮੇਰੇ ਸਾਹਮਣੇ ਵੱਡਾ ਨੁਕਤਾ ਇਹ ਸੀ ਕਿ ਮਸਲਾ ਚਾਹੇ ਕਿੰਨਾ ਵੀ ਨਾਜ਼ੁਕ, ਗੰਭੀਰ ਜਾਂ ਗੁੰਝਲਦਾਰ ਕਿਉਂ ਨਾ ਹੋਵੇ, ਕਦੀ ਨਾ ਕਦੀ ਤਾਂ ਉਸ ਦੇ ਆਮ੍ਹੋ-ਸਾਹਮਣੇ ਹੋਣਾ ਹੀ ਪੈਂਦਾ ਹੈ ਤੇ ਜਦ ਕਦੀ ਵੀ ਇਹ ਸੁਭਾਗਾ ਛਿਨ ਆਵੇਗਾ, ਟਿਕ ਕੇ ਠੰਢੇ ਦਿਲ-ਦਿਮਾਗ਼ ਨਾਲ ਹਰ ਪੱਖ ਉੱਤੇ ਵਿਚਾਰ ਕਰਨ ਦਾ ਕੰਮ ਕਰਨਾ ਹੀ ਪਵੇਗਾ।

ਅੱਜ ਮੇਰਾ ਜਤਨ ਹੋਵੇਗਾ ਕਿ ਸਿੱਖ ਧਰਮ ਤੇ ਸਿਆਸਤ ਦੇ ਮਸਲੇ ਨੂੰ ਆਪ ਦੇ ਸਾਹਮਣੇ ਵੱਧ ਤੋਂ ਵੱਧ ਗ਼ੈਰ-ਜਜ਼ਬਾਤੀ, ਵਸਤੂ-ਪਰਕ (factual) ਤੇ ਅਕਾਡਮਿਕ ਢੰਗ ਨਾਲ ਪੇਸ਼ ਕਰਾਂ, ਤਾਂ ਜੋ ਇਹ ਗੰਭੀਰ ਵਿਚਾਰ ਦਾ ਵਿਸ਼ਾ ਬਣ ਸਕੇ।

II

ਧਰਮ ਤੇ ਸਿਆਸਤ ਮਨੁੱਖੀ ਸਮਾਜ ਦੀਆਂ ਦੋ ਮਹਾ-ਬਲੀ ਸ਼ਕਤੀਆਂ ਹਨ। ਜੇ ਇਨ੍ਹਾਂ ਦੀਆਂ ਮੂਲ ਰੁਚੀਆਂ ਵੱਲ ਜਾਇਆ ਜਾਵੇ ਤਾਂ ਇਨ੍ਹਾਂ ਦੇ ਕਾਰਜ-ਖੇਤਰਾਂ (operational theatres) ਦਾ ਆਪੋ-ਵਿੱਚੀ ਕਾਫ਼ੀ ਫ਼ਰਕ ਦਿੱਸੇਗਾ। ਮਸਲਨ, ਧਰਮ, ਆਤਮ (self) ਤੋਂ ਪਰਮ-ਆਤਮ (Supreme Self or Being) ਵੱਲ ਉੱਠਣ ਦਾ ਜਤਨ ਕਰਦਾ ਹੈ, ਜਦ ਕਿ ਸਿਆਸਤ, ਤਖ਼ਤੇ (poverty) ਤੋਂ ਤਖ਼ਤ (pelf) ਵੱਲ ਪਹੁੰਚਣ ਲਈ ਹੰਭਲਾ ਮਾਰਦੀ ਹੈ; ਧਰਮ ਪਲਤ-ਮੁਖੀ (otherworldly) ਹੁੰਦਾ ਹੈ ਪਰ ਸਿਆਸਤ ਹਲਤ-ਮੁਖੀ (thisworldly) ਹੁੰਦੀ ਹੈ; ਮਨ-ਇੱਛਿਤ (desired) ਫਲ ਪ੍ਰਾਪਤ ਕਰਨ ਲਈ ਧਰਮ ਨੈਤਿਕ (moral) ਸਾਧਨ ਵਰਤਣ ਦਾ ਦਾਅਵਾ ਕਰਦਾ ਹੈ; ਪਰ ਸਿਆਸਤ ਨੈਤਿਕ ਗਿਣਤੀ-ਮਿਣਤੀ ਵਿਚ ਆਪਣਾ ਸਮਾਂ ਘੱਟ ਹੀ ਗਵਾਉਂਦੀ ਹੈ; ਧਰਮ ਸਮਝਦਾ ਹੈ, ਮਨ ਵੱਸ ਵਿਚ ਕਰ ਲਿਆ ਤਾਂ ਜਾਣੋ ਸਾਰੀ ਦੁਨੀਆ ਫ਼ਤਿਹ ਕਰ ਲਈ, ਪਰ ਸਿਆਸਤ ਦਾ ਸਾਰਾ ਜ਼ੋਰ ਜਗਤ ਨੂੰ ਵੱਸ ਕਰਨ ਉੱਤੇ ਲਗਦਾ ਹੈ; ਧਰਮ ਦਾ ਵਿਸ਼ਵਾਸ ਸਬਰ-ਸ਼ੁਕਰ, ਤਿਆਗ ਤੇ ਵੈਰਾਗ (detachment) ਵਿਚ ਹੁੰਦਾ ਹੈ ਜਦਕਿ ਸਿਆਸਤ ਭੱਜ-ਦੌੜ, ਪ੍ਰਾਪਤੀ ਤੇ ਗ੍ਰਹਿਣ (possession) ਵਿਚ ਯਕੀਨ ਰੱਖਦੀ ਹੈ; ਧਰਮ ਦਾ ਸੱਚ ਤ੍ਰੈਕਾਲ (past, present, future) ਤੇ ਈਹਾਂ-ਊਹਾਂ (here & hereafter) ਇਕ ਹੁੰਦਾ ਹੈ, ਪਰ ਸਿਆਸਤ ਦਾ ਸੱਚ ਸਮੇਂ (time) ਤੇ ਸਥਾਨ (place) ਅਨੁਸਾਰ ਬਦਲਦਾ ਰਹਿੰਦਾ ਹੈ; ਧਰਮ ਦਾ ਜੋੜ (compatibility) ਪੀਰੀ (spiritual leadership) ਨਾਲ ਤੇ ਸਿਆਸਤ ਦਾ ਮੀਰੀ (temporal leadership) ਨਾਲ ਜੁੜਦਾ ਹੈ...।

ਇਹ ਝੁਕਾ, ਜਿਵੇਂ ਕਿ ਪਹਿਲਾਂ ਇਸ਼ਾਰਾ ਕੀਤਾ ਜਾ ਚੁੱਕਾ ਹੈ, ਧਰਮ ਤੇ ਸਿਆਸਤ ਦੀਆਂ ਬੁਨਿਆਦੀ ਰੁਚੀਆਂ ਦੇ ਹਨ, ਪਰ ਵਿਹਾਰ (practice) ਵਿਚ ਮਨੁੱਖੀ ਜੀਵਨ ਕਦੀ ਵੀ ਏਨਾ ਇਕਹਿਰਾ ਨਹੀਂ ਹੁੰਦਾ ਕਿ ਧਰਮ ਸਿਆਸਤ ਤੋਂ ਤੇ ਸਿਆਸਤ ਧਰਮ ਤੋਂ ਪੂਰੀ ਤਰ੍ਹਾਂ ਨਿਰਲੇਪ (untouched) ਹੋਵੇ। ਮਨੁੱਖੀ ਜ਼ਿੰਦਗੀ ਇਕ ਮਿੱਸੀ (mixed) ਵਸਤੂ ਹੈ ਅਤੇ ਧਰਮ ਤੇ ਸਿਆਸਤ ਵਰਗੀਆਂ ਜਾਨਦਾਰ ਸਮਾਜਿਕ ਇਕਾਈਆਂ (social entities) ਲਈ ਇਕ ਦੂਜੀ ਤੋਂ ਅਣਭਿੱਜ (unaffected) ਰਹਿਣਾ ਸੰਭਵ (possible) ਨਹੀਂ।[1] ਪਰ ਮੁਸ਼ਕਲ ਓਦੋਂ ਖੜੀ ਹੁੰਦੀ ਹੈ ਜਦੋਂ ਧਰਮ ਸਮਝਦਾ ਹੈ ਕਿ ਸਮੁੱਚੇ ਸਮਾਜ ਦੀ ਸੋਚ, ਉਸ ਦੀ ਵਿਉਂਤ-ਬੁਣਤ (structure) ਤੇ ਉਸ ਦੇ ਸਾਰੇ ਅਮਲਾਂ (actions) ਦੀ ਵਾਗ-ਡੋਰ ਕੇਵਲ ਮੇਰੇ ਹੱਥ ਵਿਚ ਹੋਣੀ ਚਾਹੀਦੀ ਹੈ ਤੇ ਸਿਆਸਤ ਇਹ ਸਮਝਦੀ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਕੇਵਲ ਮੈਂ ਹੀ ਸਰਬ-ਸ਼ਕਤੀਮਾਨ (omnipotent) ਹਾਂ ਤੇ ਧਰਮ ਨੂੰ ਮੇਰੇ ਕੰਮ ਵਿਚ ਟੰਗ ਅੜਾਉਣ ਦਾ ਉੱਕਾ ਕੋਈ ਹੱਕ ਨਹੀਂ ਹੈ। ਦੁਨੀਆ ਵਿਚ ਧਰਮ ਤੇ ਸਿਆਸਤ ਵਿਚਕਾਰ ਰਾਜ-ਸੱਤਾ ਲਈ ਹੋਏ ਘੋਲ ਦੀ ਕਹਾਣੀ ਪੜ੍ਹ ਲਈ ਜਾਏ ਤਾਂ, ਇਕ ਵਾਰੀ ਤਾਂ, ਦੁਨੀਆ ਦਾ ਸਾਰਾ ਇਤਿਹਾਸ ਅੱਖਾਂ ਅੱਗੋਂ ਦੀ ਲੰਘ ਜਾਂਦਾ ਹੈ। ਅੱਜ, ਮੇਰੇ ਲਈ ਇਸ ਇਤਿਹਾਸ ਦੇ ਵਿਸਤਾਰ (details) ਵਿਚ ਜਾਣ ਦਾ ਨਾ ਸਮਾਂ ਹੈ ਤੇ ਨਾ ਕੋਈ ਬਹੁਤੀ ਲੋੜ ਹੀ ਹੈ, ਮੈਂ ਤਾਂ ਸਿੱਖ ਧਰਮ ਤੇ ਸਿਆਸਤ ਦੇ ਘੇਰੇ ਦੇ ਵਿਚ ਵਿਚ ਰਹਿਣ ਦਾ ਹੀ ਜਤਨ ਕਰਨਾ ਹੈ। ਪਰ ਇਕ ਗੱਲ ਨੋਟ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਕਦੀ ਦੁਨੀਆ ਦੇ ਹਰ ਦੇਸ ਵਿਚ ਪਰੋਹਤ ਸ਼੍ਰੇਣੀ (priestly class), ਧਰਮ ਦੇ ਲੇਬਲ ਹੇਠ, ਹਰ ਸ਼ਕਤੀ ਦੀ ਮਾਲਕ ਤੇ ਸੋਮਾ (source) ਹੁੰਦੀ ਸੀ, ਤੇ ਗੱਦੀ ਉੱਤੇ ਬੈਠੇ ਅਧਿਕਾਰੀ ਦੀ ਮਨ-ਮਰਜ਼ੀ ਹੀ ਵਿਧਾਨ ਤੇ ਕਾਨੂੰਨ (law) ਹੁੰਦੀ ਸੀ, ਪਰ ਹੌਲੀ ਹੌਲੀ, ਤਕਰੀਬਨ ਸਾਰੀ ਸ਼ਕਤੀ, ਇਸ ਸ਼੍ਰੇਣੀ ਦੇ ਹੱਥੋਂ ਤਿਲਕ ਕੇ ਗ਼ੈਰ-ਪਰੋਹਤ ਸ਼੍ਰੇਣੀਆਂ ਜਾਂ ਲੋਕਾਂ ਦੇ ਨੁਮਾਇੰਦਿਆਂ ਦਿਆਂ ਹੱਥਾਂ ਵਿਚ ਆਉਂਦੀ ਗਈ ਹੈ ਤੇ ਆਪਹੁਦਰੇਪਨ (idiosyncracy) ਦੀ ਥਾਂ ਵਿਧਾਨ ਤੇ ਕਾਨੂੰਨ ਮੌਲਦੇ ਦਿੱਸਦੇ ਹਨ।

III

ਅਸੀਂ ਵੇਖਣਾ ਇਹ ਹੈ ਕਿ ਖ਼ੁਦ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਤੇ ਉਨ੍ਹਾਂ ਤੋਂ ਬਾਅਦ ਦੇ ਸਿੱਖ ਇਤਿਹਾਸ ਤੋਂ ਸਿੱਖ ਧਰਮ ਤੇ ਸਿਆਸਤ ਦੇ ਮਸਲੇ ਬਾਰੇ ਜੋ ਸਮਗ੍ਰੀ (material) ਮਿਲਦੀ ਹੈ, ਉਸ ਤੋਂ ਅਸੀਂ ਕੀ ਨਤੀਜੇ ਕੱਢ ਸਕਦੇ ਹਾਂ? ਮੇਰੇ ਖ਼ਿਆਲ ਵਿਚ ਤਿੰਨ ਨਤੀਜੇ ਬਿਲਕੁਲ ਸਪਸ਼ਟ ਹਨ:

ਪਹਿਲਾ ਨਤੀਜਾ ਇਹ ਹੈ ਕਿ ਰਾਜ ਦੇ ਰੂਪ ਵਿਚ ਸਿਆਸਤ ਦੀ ਸ਼ਕਤੀ ਦਾ ਕੋਈ ਵੀ ਪੱਖ ਹੋਵੇ, ਜਿਵੇਂ ਕਾਨੂੰਨ ਘੜਨ ਵਾਲਾ (legislative), ਕਾਨੂੰਨ ਦੀ ਵਿਆਖਿਆ ਕਰਨ ਵਾਲਾ (judicial), ਕਾਨੂੰਨ ਲਾਗੂ ਕਰਨ ਵਾਲਾ (executive) ਜਾਂ ਜਾਨ-ਮਾਲ ਦੀ ਸੁਰੱਖਿਆ ਵਾਲਾ (defence), ਹਰ ਇਕ ਦਾ ਅਮਲ ਧਾਰਮਿਕ ਬੰਦਿਆਂ ਤੇ ਸੰਸਥਾਵਾਂ ਨੂੰ ਵੀ ਉਸੇ ਤਰ੍ਹਾਂ ਆਪਣੀ ਵਿਆਪਕ ਵਲੇਟ (all-inclusive embrace) ਵਿਚ ਲੈਂਦਾ ਹੈ ਜਿਵੇਂ ਹੋਰਨਾਂ ਨੂੰ, ਇਸ ਲਈ ਜੋ ਕੋਈ ਬੰਦਾ, ਸਮੇਤ ਧਾਰਮਿਕ ਬੰਦਿਆਂ ਦੇ, ਆਪਣੇ ਆਪ ਨੂੰ ਸੁਚੇਤ (vigilant) ਸ਼ਹਿਰੀ ਸਮਝਦਾ ਹੈ, ਉਸ ਲਈ ਕੰਨ ਵਲ੍ਹੇਟ ਕੇ, ਸਰਕਾਰ ਦੇ ਆਚਾਰ-ਵਿਹਾਰ (conduct) ਬਾਰੇ, ਖ਼ਾਸ ਕਰ ਕੇ ਉਸ ਦੀਆਂ ਜ਼ਿਆਦਤੀਆਂ ਬਾਰੇ, "ਮੈਨੂੰ ਕੀ?" ਵਾਲਾ ਰੁਖ ਧਾਰਨ ਕਰਨਾ ਔਖਾ ਹੁੰਦਾ ਹੈ। ਸਿੱਖ ਲਈ ਤਾਂ ਇਹ ਰੁਖ ਅਪਣਾਉਣਾ ਹੋਰ ਵੀ ਔਖਾ ਹੈ ਕਿਉਂਕਿ ਉਸ ਦਾ ਧਰਮ ਉਸ ਨੂੰ ਕੇਵਲ ਆਪਣੇ ਕਲਿਆਣ ਦਾ ਸਬਕ ਹੀ ਨਹੀਂ ਸਿਖਾਉਂਦਾ, ਬਲਕਿ ਮਾਨਵੀ (human) ਤੇ ਸਮਾਜੀ (social) ਕਲਿਆਣ (welfare) ਤੇ ਪਰਉਪਕਾਰ ਲਈ ਬਚਨ-ਬੱਧ (commit) ਵੀ ਕਰਦਾ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (8.12)[2]

ਜਾਂ

ਆਪ ਜਪਹੁ ਅਵਰਾ ਨਾਮੁ ਜਪਾਵਹੁ
ਸੁਨਤ ਕਹਤ ਰਹਤ ਗਤਿ ਪਾਵਹੁ ॥ (289.1)

ਜਾਂ

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (273.4)

ਇਹੀ ਕਾਰਨ ਹੈ ਕਿ, ਆਪਣੀ ਥੋੜ੍ਹੀ ਗਿਣਤੀ ਦੇ ਬਾਵਜੂਦ, ਸਿੱਖ ਲੋਕ, ਸਰਕਾਰਾਂ ਦੀਆਂ ਜ਼ਿਆਦਤੀਆਂ ਵਿਰੁੱਧ ਸਿਰ ਚੁੱਕਦੇ ਹੀ ਆਏ ਹਨ, ਭਾਵੇਂ ਇਸ ਤਰ੍ਹਾਂ ਕਰਨ ਵਿਚ ਉਨ੍ਹਾਂ ਨੂੰ ਬੇਅੰਤ ਮਾਲੀ ਤੇ ਜਾਨੀ ਨੁਕਸਾਨ ਵੀ ਉਠਾਉਣਾ ਪੈਂਦਾ ਰਿਹਾ ਹੈ। ਮਸਲਨ, ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਲਾਈ ਈਮਰਜੈਂਸੀ ਦੇ ਵਿਰੁੱਧ ਸਾਰੇ ਭਾਰਤ ਵਿੱਚੋਂ ਕੇਵਲ ਸ਼੍ਰੋਮਣੀ ਅਕਾਲੀ ਦਲ ਦਾ ਮੋਰਚਾ ਹੀ ਨਿਰੰਤਰ ਜਾਰੀ ਰਿਹਾ, ਜਦ ਕਿ ਬਾਕੀ ਰਾਸ਼ਟਰੀ (national) ਪੱਧਰ ਦੀਆਂ ਸਭ ਕਹਿੰਦੀਆਂ-ਕਹਾਉਂਦੀਆ ਪਾਰਟੀਆਂ ਦੇ ਮੋਰਚੇ ਠੁੱਸ ਹੋ ਗਏ ਸਨ। ਅਸਲ ਵਿਚ, ਸਿਆਸਤ ਬਾਰੇ ਚੇਤਨ ਹੋਣ ਵਾਲੀ ਨੀਤੀ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਤੋਂ ਹੀ ਸ਼ੁਰੂ ਹੋ ਗਈ ਸੀ, ਜਿਨ੍ਹਾਂ ਨੇ ਸਰਕਾਰ, ਨੌਕਰਸ਼ਾਹੀ (bureaucracy) ਤੇ ਭਾਈਚਾਰੇ ਵੱਲੋਂ ਹੋਣ ਵਾਲੇ ਹਰ ਤਰ੍ਹਾਂ ਦੇ ਅੱਤਿਆਚਾਰਾਂ ਨੂੰ ਆਪਣੀ ਕਰੜੀ ਆਲੋਚਨਾ ਦਾ ਵਿਸ਼ਾ ਬਣਾਇਆ, ਪਰ ਜਦ ਗੁਰੂ ਅਰਜਨ ਸਾਹਿਬ ਨੇ ਜਹਾਂਗੀਰ ਦੇ ਬਾਗ਼ੀ ਪੁੱਤਰ ਖ਼ੁਸਰੋ ਦੇ ਮੱਥੇ ਉੱਤੇ ਆਸ਼ੀਰਵਾਦੀ ਤਿਲਕ ਲਾਇਆ ਜਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਦੇ ਨਾਲ ਮੀਰੀ ਦੀ ਤਲਵਾਰ ਪਹਿਨ ਲਈ ਤਾਂ ਸਿੱਖ ਵਿਚਾਰ-ਧਾਰਾ ਵਿਚ ਸਿਆਸਤ ਦੀ ਥਾਂ ਬਾਰੇ ਕਤਈ ਕੋਈ ਭੁਲੇਖਾ ਨਾ ਰਹਿ ਗਿਆ। ਉਸ ਵੇਲੇ ਦੇ ਕੁੱਝ ਧਿਰਾਂ ਵੱਲੋਂ ਕਿੰਤੂ (objections) ਵੀ ਖੜੇ ਕੀਤੇ ਗਏ, ਪਰ ਮਾਮਲਾ, ਕਿਉਂਕਿ ਧਰਮ ਦੀ ਬੁਨਿਆਦੀ ਨੀਤੀ ਦਾ ਸੀ, ਇਸ ਲਈ ਸਿੱਖਾਂ ਨੂੰ ਆਪਣੇ ਗੁਰੂ ਦੀ ਵਿਆਖਿਆ ਪਰਵਾਨ ਕਰਨੀ ਪਈ। ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਬ੍ਰਾਹਮਣਾਂ ਦੀ ਪੁਕਾਰ ਸੁਣ ਕੇ ਜੰਞੂ-ਤਿਲਕ ਬਾਰੇ ਔਰੰਗਜ਼ੇਬ ਦੀ ਨੀਤੀ ਨੂੰ ਜਾ ਵੰਗਾਰਿਆ; ਰਹਿੰਦੀ-ਖੂੰਹਦੀ ਕਸਰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰੀ ਕਰ ਦਿਤੀ, ਜਿਨ੍ਹਾਂ ਨੇ ਅਨੰਦਪੁਰ ਤੇ ਪਾਉਂਟਾ ਸਾਹਿਬ ਨੂੰ ਸੁਰਾਜੀ ਇਕਾਈਆਂ (autonomous units) ਬਣਾ ਕੇ ਆਪਣੀ ਸਾਖ (honour) ਲਈ ਲੜ ਕੇ ਮਰਨ ਵਾਲਾ ਹੀ ਨਹੀਂ, ਲੜ ਕੇ ਜਿੱਤਣ ਵਾਲਾ ਇਕ ਨਵਾਂ ਨਾਅਰਾ ਬੁਲੰਦ ਕੀਤਾ:

ਨ ਟਰਉ ਅਰਿ ਸਿਉ ਜਬ ਜਾਇ ਲਰਉ
ਨਿਸਚੈ ਕਰਿ ਅਪਨੀ ਜੀਤ ਕਰਉ ॥[3]

ਮੈਂ ਕਈਆਂ ਨੂੰ ਇਹ ਕਹਿੰਦੇ ਸੁਣਿਆ ਹੈ ਤੇ ਕਈਆਂ ਦਾ ਲਿਖਿਆ ਵੀ ਪੜ੍ਹਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਫ਼ੌਜੀ ਸਰਗਰਮੀਆਂ ਵਿਚ ਨਾਮ-ਮਾਤਰ (nominal) ਵੀ ਸਿਆਸਤ ਨਹੀਂ ਸੀ, ਪਰ ਇਸ ਰਾਏ ਦੇ ਮੁਕਾਬਲੇ ਉੱਤੇ, ਅੰਗਰੇਜ਼ ਇਤਿਹਾਸਕਾਰ ਆਰਨਲਡ ਟੋਇਨਬੀ ਨੇ ਅਲਜ਼ਾਮ ਲਾਇਆ ਹੈ ਕਿ, ਗੁਰੂ ਹਰਿਗੋਬਿੰਦ ਸਾਹਿਬ ਵਾਂਗ, ਗੁਰੂ ਗੋਬਿੰਦ ਸਿੰਘ ਜੀ ਵੀ, ਸ਼ਕਤੀ ਦੀ ਵਰਤੋਂ ਕਰਕੇ, ਇਕ ਉੱਚ ਧਾਰਮਿਕ ਸਿਖਰ ਤੋਂ ਪਲਿੱਤੀ ਜਿਹੀ ਸਿਆਸੀ ਨਾਲੀ (political trough) ਵਿਚ ਡਿਗ ਪਏ ਸਨ।[4] ਵਾਕਿਆ ਇਹ ਹੈ ਕਿ ਸਿਆਸਤ ਤੋਂ ਧਰਮ ਨੂੰ ਹਮੇਸ਼ਾ ਮੁਕਤ ਰੱਖਣ ਦਾ ਨਾ ਤਾਂ ਗੁਰੂ ਸਾਹਿਬਾਨ ਦਾ ਕੋਈ ਇਰਾਦਾ ਸੀ ਤੇ ਨਾ ਸਿੱਖ ਇਤਿਹਾਸ ਹੀ ਇਹੋ ਜਿਹੇ ਕਿਸੇ ਇਰਾਦੇ ਦੀ ਪ੍ਰੋੜ੍ਹਤਾ ਕਰਦਾ ਹੈ। ਅੱਗੇ, ਦੁਨੀਆ ਦੇ ਹੋਰਨਾਂ ਦੇਸਾਂ ਵਾਂਗ, ਭਾਰਤ ਵਿਚ ਵੀ ਸਿਆਸਤ, ਧਰਮ ਦੇ ਝੰਡੇ ਹੇਠ ਹੀ ਰਾਜ ਕਾਇਮ ਕਰਦੀ ਹੁੰਦੀ ਸੀ ਤੇ ਧਰਮ ਦੇ ਝੰਡੇ ਹੇਠ ਹੀ ਰਾਜ ਢਾਹੁੰਦੀ ਹੁੰਦੀ ਸੀ, ਇਸ ਲਈ ਸਿੱਖੀ ਦੀ ਪੀਰੀ ਵਿਚ ਮੀਰੀ ਤੇ ਮੀਰੀ ਵਿਚ ਪੀਰੀ ਦਾ ਮੌਜੂਦ ਹੋਣਾ ਕੋਈ ਅਲੋਕਾਰ (unusual) ਗੱਲ ਨਹੀਂ, ਇਹ ਇਕ ਇਤਿਹਾਸਿਕ ਸਚਾਈ ਹੈ।

ਦੂਜਾ ਨਤੀਜਾ ਸਿੱਖ ਇਤਿਹਾਸ ਦੇ ਅਧਿਐਨ (study) ਤੋਂ ਇਹ ਨਿਕਲਦਾ ਹੈ ਕਿ ਧਰਮ ਤੇ ਸਿਆਸਤ ਦੀ ਆਪਸੀ ਮਾਤਰਾ (mutual proportion) ਹਮੇਸ਼ਾ ਇਕਸਾਰ ਨਹੀਂ ਰਹੀ, ਲੋੜ ਅਨੁਸਾਰ ਘਟਦੀ-ਵਧਦੀ ਰਹੀ ਹੈ। ਸਿੱਖ ਇਤਿਹਾਸ ਪੜ੍ਹਦਿਆਂ-ਪੜ੍ਹਦਿਆਂ ਕਦੀ ਲਗਦਾ ਹੈ ਕਿ ਸਿੱਖ, ਸਿਆਸਤ ਤੋਂ ਕਿਨਾਰਾਕਸ਼ੀ (withdrawal) ਕਰ ਗਏ ਹਨ, ਪਰ ਕੁੱਝ ਚਿਰ ਪਿੱਛੋਂ ਲਗਦਾ ਹੈ ਕਿ ਉਹ ਤਾਂ ਸਿਆਸਤ ਦੇ ਘਮਸਾਨ ਵਿਚ ਜੂਝ ਰਹੇ ਹਨ। ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਸਾਹਿਬ ਤਕ ਸ਼ਾਂਤੀ ਵਰਤੀ ਰਹੀ, ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਖੰਡਾ ਖੜਕਾਉਣ ਵਾਲੀ ਨੀਤੀ ਧਾਰੀ। ਸੱਤਵੇਂ, ਅੱਠਵੇਂ ਤੇ ਨੌਵੇਂ ਗੁਰੂ ਸਾਹਿਬਾਨ ਹਥਿਆਰਬੰਦ ਟੱਕਰ ਵਾਲੇ ਪਾਸੇ ਨਹੀਂ ਪਏ, ਨੌਵੇਂ ਪਾਤਸ਼ਾਹ ਨੇ ਸਤਿਆਗ੍ਰਹਿ ਤੇ ਬਲੀਦਾਨ ਵਾਲੀ ਨੀਤੀ ਅਪਣਾਈ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜੈਕਾਰਿਆਂ ਤੇ ਨਗਾਰਿਆਂ ਦੀ ਘਨਘੋਰ ਵਿਚ ਸਰਕਾਰ ਨਾਲ ਸਿੱਧੀਆਂ ਟੱਕਰਾਂ ਲਈਆਂ। ਸਾਫ਼ ਹੈ ਕਿ ਕਦੋਂ ਸਿਆਸਤ ਵਿਚ ਸਰਗਰਮ ਹਿੱਸਾ ਲੈਣ ਦੀ ਲੋੜ ਹੈ ਤੇ ਕਦੋਂ ਨਹੀਂ, ਇਸ ਦਾ ਨਿਰਣਾ, ਹਾਲਾਤ ਨੂੰ ਮੁੱਖ ਰੱਖ ਕੇ, ਗੁਰੂ ਸਾਹਿਬਾਨ ਆਪ ਕਰਦੇ ਰਹੇ ਤੇ ਗੁਰੂ ਸਾਹਿਬਾਨ ਤੋਂ ਪਿੱਛੋਂ ਉਨ੍ਹਾਂ ਦੇ ਸਿੱਖ ਕਰਦੇ ਰਹੇ। ਸਪਸ਼ਟ ਹੈ ਕਿ ਅੱਗੋਂ ਲਈ ਵੀ, ਬਦਲੇ ਹੋਏ ਹਾਲਾਤ ਦੀ ਮੰਗ ਅਨੁਸਾਰ, ਸਿੱਖ ਲੋਕ, ਸਿਆਸਤ ਵਿਚ, ਨਵੇਂ ਪੈਂਤੜੇ ਅਜ਼ਮਾ ਸਕਦੇ ਹਨ ਤੇ ਨਵੇਂ ਤਜਰਬੇ ਕਰ ਸਕਦੇ ਹਨ।

ਇਕ ਹੋਰ ਨਤੀਜਾ ਇਹ ਹੈ ਕਿ ਸਿੱਖ ਧਰਮ ਵਿਚ ਸ਼ਾਂਤਮਈ ਤੇ ਹਥਿਆਰਬੰਦ ਸੰਘਰਸ਼ਾਂ ਨੂੰ ਸਮਾਨ ਮਾਨਤਾ ਮਿਲੀ ਦਿੱਸਦੀ ਹੈ। ਮਤੇ ਕਿਸੇ ਨੂੰ ਭੁਲੇਖਾ ਰਹਿ ਜਾਵੇ ਕਿ ਸ਼ਾਂਤਮਈ ਤੇ ਹਥਿਆਰਬੰਦ ਵਿੱਚੋਂ ਵਧ ਵਰਤੋਂ ਕਿਸ ਦੀ ਕਰਨੀ ਹੈ ਤੇ ਘੱਟ ਕਿਸ ਦੀ,

(ਬਾਕੀ ਪੰਨਾ 11 ਤੇ)



'ਕਾਰ ਸੇਵਾ'ਤੋਂ ਪਹਿਲਾਂ ਚਰਨ ਸੇਵਾ..

ਨਿਹੰਗ ਬਾਬਾ ਸੰਤਾ ਸਿੰਘ ......



ਸੰਕਟ ਦੀ ਘੜੀ : ਸ਼੍ਰੋਮਣੀ ਕਮੇਟੀ ਦੇ ਸਕੱਤਰ ਸ: ਭਾਨ ਸਿੰਘ, ਮੀਤ ਸਕੱਤਰ ਸ. ਅਬਿਨਾਸ਼ੀ ਸਿੰਘ ਅਤੇ ਅਕਾਲੀ ਦਲ ਦੀ ਐਡਹਾਕ ਕਮੇਟੀ ਦੇ ਕਨਵੀਨਰ ਪ੍ਰਕਾਸ਼ ਸਿੰਘ ਮਜੀਠਾ ਸੋਚ ਵਿਚਾਰ ਵਿਚ ਡੁੱਬੇ ਹੋਏ।

ਬਾਬਾ ਖੜਕ ਸਿੰਘ 'ਕਾਰ ਸੇਵਾ' ਲਈ ਰਜ਼ਾਮੰਦ ?

ਅੰਮ੍ਰਿਤਸਰ — ਬੀ. ਬੀ. ਸੀ. ਦੀ ਖਬਰ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਖੜਕ ਸਿੰਘ ਨੂੰ ਬੇਨਤੀ ਕੀਤੀ ਹੈ ਕਿ ਉਹ 'ਕਾਰ ਸੇਵਾ' ਦਾ ਕੰਮ ਸੰਭਾਲਣ। ਇਹ ਵੀ ਦੱਸਿਆ ਗਿਆ ਹੈ ਕਿ ਬੁਢਾ ਦਲ ਦੇ ਬਾਬਾ ਸੰਤਾ ਸਿੰਘ ਬਾਬਾ ਖੜਕ ਸਿੰਘ ਨੂੰ ਕਾਰ ਸੇਵਾ ਸੰਭਾਲਣ ਲਈ ਤਿਆਰ ਹਨ। ਪਹਿਲਾਂ ਸਰਕਾਰ ਨੇ ਵੀ ਬਾਬਾ ਖੜਕ ਸਿੰਘ ਨੂੰ ਬੇਨਤੀ ਕੀਤੀ ਸੀ ਪਰ ਇਹ ਬੇਨਤੀ ਠੁਕਰਾ ਦਿਤੀ ਗਈ ਸੀ ਕਿ ਜਦ ਤੱਕ ਸ਼੍ਰੋਮਣੀ ਕਮੇਟੀ ਨਹੀਂ ਕਹਿੰਦੀ ਉਹ ਕਾਰ ਸੇਵਾ ਨਹੀਂ ਕਰਨਗੇ।



This year's Film fare 's Best Actress Award Winner

PADMINI KOHLAPURI

IN SPECIAL APPEARANCE

FOR I.S.P.

Now you too can have all the eight exclusive I.S.P. creations that Padmini selected !!!

ਖ਼ੁਸ਼ਖਬਰੀ! ਖ਼ੁਸ਼ਖਬਰੀ। ਖ਼ੁਸ਼ਖਬਰੀ!

ਲਓ ਜੀ! ਹੁਣ ਇੰਡੀਆ ਸਾੜ੍ਹੀ ਪੈਲਿਸ ਤੇ ਸਲਵਾਰ ਕਮੀਜ਼ ਅਤੇ ਦੁੱਪਟੇ ਦੀਆਂ ਨਵੀਆਂ ਕੁਆਲਿਟੀ ਦੀਆਂ ਸ਼ਿਪਮੈਂਟਾਂ ਹਰ ਹਫਤੇ ਪਹੁੰਚ ਰਹੀਆਂ ਹਨ।

Sucker Stripes Palace [2] Satin Stripe Crepe [3] Crepe — De Chine Synthetic [4] Bamboo Stripes and Yuryu Georgette and many many more

ਸਾਡੇ ਕੋਲ ਇੰਡੀਆ ਤੋਂ ਹੁਣੇ ਹੀ ਬਹੁਤ ਭਾਰੀ ਸਿਲਕ ਦੀਆਂ ਸਾੜ੍ਹੀਆਂ ਵਿੱਚ ਸ਼ਿਪਮੈਂਟ ਆਈ ਹੈ

ਸਾਡੀਆਂ ਕੁਝ ਇਕ ਸੇਲ ਕੀਮਤਾਂ

~~$.45.00~~ ਹੁਣ $.20.00 ਚੁੱਨੀਂ ਸਮੇਤ
~~$.32.00~~ ਹੁਣ $.12.00
~~$.35.00~~ ਹੁਣ $.15.00
~~$.48.00~~ ਹੁਣ $.25.00 ਚੁੱਨੀਂ ਸੁਮੇਤ

WORLD WIDE IMPORTERS—EXPORTERS—WHOLESALERS & RETAILERS

Associate of India Emporium Group of Companies—Hongkong, Japan, Singapure, Kuwait, Tranidad, U.K. & U.S.A.

ਆਓ ਅਤੇ ਟਾਪ ਕੁਆਲਿਟੀ ਦੇ Exclusive Design ਦੇਖੋ ਜਿਹੜੇ ਕਿ ਸਿਰਫ ਇੰਡੀਆ ਸਾੜ੍ਹੀ ਪੈਲਿਸ ਤੋਂ ਹੀ ਮਿਲਣਗੇ

Biggest Sari Store Chain in the world, Outside India.

ISP
india sari palace

Phone 324-5991

5037 Victoria Drive, Vancouver, B.C.
PH: [604] 324-2565

ਸਟੋਰ ਹਰ ਰੋਜ਼ 10 ਵਜੇ ਤੋਂ 7 ਵਜੇ ਤਕ
ਫਰਾਈਡੇ 10 ਤੋਂ 9 ਵਜੇ ਤਕ